Pardesi Sweets & Restaurant
Dine in-Take Out
Veg & Non Veg Dishes
Samosa, Veg Pakora, Fish Pakora, Chicken Pakora, Sweets
ਤੁਸੀਂ ਇਥੋਂ ਹਰ ਪ੍ਰਕਾਰ ਦੀ ਮਠਿਆਈ ਲੈ ਸਕਦੇ ਹੋ
#107-13588-88Ave Surrey 604-591-1950



MORTGAGE
ਰਘਵੀਰ ਸਿੰਘ ਹੇਹਰ
ਜੇਕਰ ਤੁਸੀਂ ਪਹਿਲੀ ਵਾਰ ਪ੍ਰਾਪਰਟੀ ਖਰੀਦ ਰਹੇ ਜੋ ਜਾਂ ਮੌਰਗੇਜ ਰੀਨਿਊ ਕਰਵਾ ਰਹੇ ਹੋ ਤਾਂ ਘੱਟ ਤੋਂ ਘੱਟ ਰੇਟ ਲੈਣ ਵਾਸਤੇ ਇੱਕ ਵਾਰ ਜ਼ਰੂਰ ਮਿਲੋ ਜਾਂ ਸਾਡੇ ਨਾਲ ਸੰਪਰਕ ਕਰੋ
ਮੌਰਗੇਜ ਦੇ ਵਧੀਆ ਰੇਟ ਅਤੇ ਇਮਾਨਦਾਰ ਸਲਾਹ ਲਈ ਭਰੋਸੇਯੋਗ ਨਾਮ
Raghvir S. Hehar
Independent Broker
Email: raghvirhehar@gmail.com
604-760-4715
Switch your mortgage today

ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਯੋਗ ਸੇਵਾਵਾਂ
PUNJAB FOREX
Reliable & Expedited Money Transfer
ਸਭ ਤੋਂ ਵੱਧ ਰੇਟ ਅਤੇ
ਪੈਸੇ 24 ਘੰਟੇ ਅੰਦਰ ਪਹੁੰਚਾਉਣ ਦੀ ਗਰੰਟੀ
Gagan Singh
604.349.1313
103-8140 120St. Surrey



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖਬਾਰ

ਪੰਜਾਬ ਗਾਰਡੀਅਨ
PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ
ਆਪਣੇ ਸਾਰੇ ਆਪਣੇ ਘਰਾਂ ਵਿੱਚ ਪੰਜਾਬੀ ਵਿੱਚ ਗੱਲਬਾਤ ਕਰਨੀ ਸ਼ੁਰੂ ਕਰੋ

B.C
Greater Vancouver, Fraser Valley, Victoria,Nanaimo
Prince George, Kamloops, Kelowna, Oliver, Squamish
ALBERTA
Edmonton
Calgary
USA
Greater Seattle, Everett, Marysville
Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 42, Ending Date:Oct 16, 2026

Anmol Sweets
100% VEGETARIAN
Tiffin Service Available
2 Sabzi, 8 Roti, Raita, Sweetdish,Salad
Pickup $300/month
Delivery $320/month
(Sunday to Friday)
Large Variety of Indian Mouth-watering Sweets. We do Catering for all Occasion
Special Discount for Gurudwara & Mandir
Ph: 604-507-9898
108, 8363 - 128 St., Surrey BC

ਨਿਊਜ਼ੀਲੈਂਡ ਦੇ ਪ੍ਰਧਾਨ ਨੇ ਕੀਤੀ ਸਿੱਖ ਕੌਮ ਦੀ ਸ਼ਲਾਘਾ

ਆਕਲੈਂਡ:ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਆਕਲੈਂਡ ਦੇ ਪ੍ਰਸਿੱਧ ਗੁਰਦੁਆਰਾ ਟਾਕਾਨੀਨੀ ਸਾਹਿਬ ਵਿਖੇ ਨਤਮਸਤਕ ਹੋਏ। ਇਥੇ ਦੇਸ਼ ਦੀ ਤਰੱਕੀ ਅਤੇ ਸਮਾਜਿਕ ਤਾਣੇ-ਬਾਣੇ ਵਿਚ ਸਿੱਖ ਭਾਈਚਾਰੇ ਵਲੋਂ ਪਾਏ ਜਾ ਰਹੇ ਬੇ ਮਿਸਾਲ ਯੋਗਦਾਨ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ।

ਸਿੱਖ ਚਿਲਡਰਨ ਸ਼ੋਅ ਦੇ ਸਮਾਪਤੀ ਸਮਾਰੋਹ ਦੌਰਾਨ ਇਕੱਠੀ ਹੋਈ ਹਜ਼ਾਰਾਂ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਕ ਬਹੁਤ ਹੀ ਭਾਵੁਕ ਅਤੇ ਇਤਿਹਾਸਕ ਬਿਆਨ ਦਿੱਤਾ। ਉਨ੍ਹਾਂ ਕਿਹਾ, "ਤੁਸੀਂ ਵੀ ਓਨੇ ਹੀ ਨਿਊਜ਼ੀਲੈਂਡਰ ਹੋ, ਜਿੰਨਾ ਕੋਈ ਹੋਰ। ਦੇਸ਼ ਦੇ ਵਿਕਾਸ ਵਿਚ ਤੁਹਾਡੀ ਸਖ਼ਤ ਮਿਹਨਤ ਅਤੇ ਵਚਨਬੱਧਤਾ 'ਤੇ ਪੂਰੇ ਦੇਸ਼ ਨੂੰ ਮਾਣ ਹੈ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਲਕਸਨ ਨੇ ਨਫ਼ਰਤ ਫੈਲਾਉਣ ਵਾਲੇ ਅਤੇ ਕੱਟੜਪੰਥੀ ਅਨਸਰਾਂ ਨੂੰ ਬਹੁਤ ਹੀ ਸਪੱਸ਼ਟ ਸੰਦੇਸ਼ ਦਿਤਾ ਉਨ੍ਹਾਂ ਸਾਫ਼ ਸ਼ਬਦਾਂ ਵਿਚ ਆਖਿਆ ਕਿ ਨਿਊਜ਼ੀਲੈਂਡ ਇਕ ਬਹੁ-ਸੱਭਿਆਚਾਰਕ ਦੇਸ਼ ਹੈ ਅਤੇ ਇੱਥੇ ਨਸਲਵਾਦ ਲਈ ਕੋਈ ਥਾਂ ਨਹੀਂ ਹੈ।

ਸਰਕਾਰ ਹਰ ਨਾਗਰਿਕ ਦੀ ਬਰਾਬਰੀ ਅਤੇ ਆਪਸੀ ਸਤਿਕਾਰ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਪਿਛਲੇ ਸਮੇਂ ਦੌਰਾਨ ਨਿਊਜ਼ੀਲੈਂਡ ਵਿਚ ਸਿੱਖ ਭਾਈਚਾਰੇ ਅਤੇ ਖਾਸ ਕਰਕੇ ਭਾਰਤੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲਿਆਂ 'ਤੇ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਤਿੰਨ ਸਾਲ ਪਹਿਲਾਂ ਇਸ ਖੇਤਰ ਵਿਚ ਅਪਰਾਧ ਇਕ ਵੱਡੀ ਚੁਣੌਤੀ ਸੀ।

ਪਰ ਮੌਜੂਦਾ ਸਰਕਾਰ ਦੀਆਂ ਸਖ਼ਤ ਨੀਤੀਆਂ ਅਤੇ ਪੁਲਿਸ ਪ੍ਰਸ਼ਾਸਨ ਦੀ ਮੁਸਤੈਦੀ ਸਦਕਾ ਅਜਿਹੀਆਂ ਵਾਰਦਾਤਾਂ ਵਿਚ 85 ਫੀਸਦੀ ਤੱਕ ਦੀ ਵੱਡੀ ਕਮੀ ਆਈ ਹੈ। ਉਨ੍ਹਾਂ ਭਰੋਸਾ ਦਿਤਾ ਕਿ ਭਾਈਚਾਰੇ ਦੀ ਜਾਨ-ਮਾਲ ਦੀ ਸੁਰੱਖਿਆ ਸਰਕਾਰ ਦੀ ਮੁੱਖ ਤਰਜੀਹ ਹੈ।

ਸਮਾਗਮ ਦੀ ਸ਼ੁਰੂਆਤ ਦੌਰਾਨ ਗੁਰਘਰ ਦੇ ਬੱਚਿਆਂ ਅਤੇ ਬੀਬੀਆਂ ਵਲੋਂ ਨਿਊਜ਼ੀਲੈਂਡ ਦਾ ਰਾਸ਼ਟਰੀ ਗੀਤ ਗਾ ਕੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਲਕਸਨ ਨੇ ਸਿੱਖ ਭਾਈਚਾਰੇ ਵੱਲੋਂ ਆਪਣੀ ਅਗਲੀ ਪੀੜ੍ਹੀ ਨੂੰ ਉੱਚੇ ਸੰਸਕਾਰ ਦੇਣ ਅਤੇ ਦੇਸ਼ ਦੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਦੇ ਯਤਨਾਂ ਦੀ ਮਿਸਾਲ ਦਿਤੀ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਅਤੇ ਏਕਤਾ ਵਿਚ ਹੈ।



ਅਮਰੀਕਾ ਵੱਲੋਂ ਟਾਟਾ, ਵਿਪਰੋ, ਮਾਈਕਰੋਸਾਫਟ ਸਣੇ 8 ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਤੇ ਰੋਕ

ਵਾਸਿੰਗਟਨ:-ਅਮਰੀਕਾ ਨੇ ਆਈ ਟੀ ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਦਾ ਗਰੀਨ ਕਾਰਡ ਵਾਲਾ ਪ੍ਰੋਗਰਾਮ ਰੋਕ ਦਿੱਤਾ ਹੈ। ਇਸ ਤਹਿਤ ਮਾਈਕਰੋਸਾਫਟ ਸਣੇ ਅੱਠ ਆਈ ਟੀ ਕੰਪਨੀਆਂ ਦੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਿਵਾਸ ਜਾਂ ਗਰੀਨ ਕਾਰਡ ਦਿਵਾਉਣ ਵਾਲੇ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਹੈ। ਅਮਰੀਕਾ ਨੇ ਭਾਰਤ ਨਾਲ ਸਬੰਧਤ ਵੱਡੀਆਂ ਆਈਟੀ ਕੰਪਨੀਆਂ ਕੋਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਐੱਚਸੀਐੱਲ, ਕੈਪਜੈਮਿਨੀ, ਮਾਈਕ੍ਰੋਸਾਫਟ ਅਤੇ ਅਡੋਬ ਨੂੰ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਪ੍ਰੋਗਰਾਮ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਕਾਰਵਾਈ ਨਾਲ ਇਨ੍ਹਾਂ ਕੰਪਨੀਆਂ ਨਾਲ ਸਬੰਧਤ ਨਵੇਂ ਅਤੇ ਪਹਿਲਾਂ ਤੋਂ ਚੱਲ ਰਹੇ ਸਥਾਈ ਮਜ਼ਦੂਰ ਸਰਟੀਫਿਕੇਸ਼ਨ ਅਰਜ਼ੀ ਮਾਮਲੇ ਪ੍ਰਭਾਵਿਤ ਹੋਣਗੇ। ਇਸ ਕਾਰਵਾਈ ਦਾ ਐਲਾਨ ਅਮਰੀਕਾ ਦੇ ਕਿਰਤ ਮੰਤਰੀ ਕੀਥ ਸੋਨਡਰਲਿੰਗ ਨੇ ਕੀਤਾ। ਇਸ ਮੌਕੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਅਤੇ ਅਮਰੀਕੀ ਧੋਖਾਧੜੀ ਰੋਕੂ ਟਾਸਕ ਫੋਰਸ ਦੇ ਮੁਖੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।

ਸਰੀ ਮੇਅਰ ਉਮੀਦਵਾਰ ਹੌਨਵੀਰ ਸਿੰਘ ਰੰਧਾਵਾ ਦਾ ਵਿਸ਼ੇਸ਼ ਐਲਾਨ

ਸਰੀ ਬੀਸੀ:ਹੌਨਵੀਰ ਸਿੰਘ ਰੰਧਾਵਾ ਜੋ ਸਰੀ ਵਿੱਚ ਮੇਅਰ ਦੇ ਅਹੁਦੇ ਲਈ ਉਮੀਦਵਾਰ ਹਨ, ਨੇ ਸਰੀ ਵਿੱਚ ਨਵੀਂ ਯੋਜਨਾ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਰੀ ਦੇ ਬਜ਼ੁਰਗਾਂ, (ਬਾਕੀ ਸਫਾ ਏ-10 ਤੇ)

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

AFG
MORTGAGE
RESIDENTIAL
REFINANCE
EQUITY MORTGAGE
COMMERCIAL
CONSTRUCTION
PRIVATE LENDING
DEBT CONSOLIDATION
NEETU BEDI
604.379.7212
nbedimortgages@gmail.com



BENIWAL LAW CORPORATION
*Real Estate
*Probates
*Coprate Law
*Criminal Law
*Immigration Law
*Wills & Estates
*Power Of Attorney
Barrister Solicitor & Notary
Kulbir Singh Beniwal
Off:604-649-0002, Ph:604-365-0123
Email:info@beniwallaw.ca
#117-12888-80Ave Surrey, BC



ਸਿੱਧੂ ਮਨੀ ਐਕਸਚੇਂਜ ਲਿ.
ਸਭ ਤੋਂ ਵੱਧ ਰੇਟ ਅਤੇ ਪੈਸੇ 24 ਘੰਟੇ ਅੰਦਰ ਪਹੁੰਚਾਣ ਦੀ ਗਾਰੰਟੀ
ਭਾਰਤ ਵਿੱਚ ਪੈਸੇ ਭੇਜਣ ਅਤੇ ਮੰਗਵਾਉਣ ਲਈ ਮਿਲੋ
ਸਰੀ ਤੇ ਐਬਟਸਫੋਰਡ ਵਿਚ
ਸੁਖਜੀਤ ਸਿੱਧੂ (ਦੌਧਰ ਵਾਲੇ)
ਐਬਟਸਫੋਰਡ
604-746-3131
ਸਰੀ
604-593-7300
#307 8128, 128th St Surrey

Canadian Surrey Veggie Pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜਾ
Punjabi Style Pizza
Think Vege
ਇੱਥੇ ਤਾਜਾ ਜੂਸ ਵੀ ਮਿਲਦਾ ਹੈ
Ph:604-593-1110
#106-8077 King George Blvd, Surrey
Hours:11am to 11 pm

SINCE 2005
ADVANCED LEARNING CENTRE
Courses Offered-
• First Aid • Food Safe
• Basic Security Training
• Advanced Security Training
• Real Estate & Mortgage Brokers
• General Insurance & CAIB II, III, IV
• CELPIP & IELTS
604-543-7300
www.alcbc.ca
210-13049, 76 Ave Surrey BC V3W 2V7

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਮਿਲੋ
#117-12888 80Ave Surrey
604-598-2222

ਐਸੈਕਸ ESSEX
ਕੋਲੀਜਨ ਸਰਵਿਸਿਸ ਲਿਮਟਿਡ Collision Services Ltd.
MUKHTIAR SINGH
MOHAN VILKHU (MOE)
ICBC Car shop VALET Accredited Collision Repairs
604-591-8242
#105-12921-84 Ave, Surrey
Email: service@essexcollision.ca
www.essexcollision.com

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

DHILLON
RAJVIR SINGH
*IAD Appeal
*Judicial Review Application
*Refugee Claims/it's Appeals
*Detention Review
*Admissibility Hearing
Are You facing Refusal/Deportation?
Please Contact:
Ph:604-592-1112
MAPLE LAW CORPORATION
www.maplelawcorp.ca
info@maplelawcorp.ca
#200-8253-120St, Delta, BC
Barrister & Solicitor

ਕੀ ਤੁਸੀਂ ਕਰਜ਼ੇ ਵਿਚ ਹੋ?
ਅਸੀਂ ਤੁਹਾਡੀ ਮਦੱਦ ਕਰ ਸਕਦੇ ਹਾਂ...
• ਆਪਣਾ ਕਰਜ਼ਾ 50% ਤੋਂ ਵੱਧ ਤੱਕ ਘਟਾਉਣ ਵਿਚ
• ਦੀਵਾਲਾਪੀ ਵਿਚ
• ਆਰ.ਸੀ.ਐਮ.ਪੀ. ਦੇ ਕਰਜ਼ੇ ਵਿਚ
• ਵੈਜ਼ਿਟ ਕਰਜ਼ ਕਰਜ਼ੇ ਵਿਚ
• ਰਿਕੰਸ ਟੈਕਸ / ਸੀ.ਐਸ.ਟੀ ਕਰਜ਼ੇ ਵਿਚ
Business Solutions
25 ਵਰ੍ਹਿਆਂ ਤੋਂ ਵੱਧ ਦਾ ਤਜਰਬਾ
ਸ਼ਾਮ ਅਤੇ ਵੀਕਐਂਡ ਤੇ ਵੀ ਅਪਾਇੰਟਮੈਂਟ
ਮੁਫਤ ਸਲਾਹ ਮਸ਼ਵਰਾ
ਬਿਲਕੁਲ ਮੁਫਤ ਅਤੇ ਕੁਪਤ
604-951-8984
#205-12833-92A Ave, Surrey
#1A - 2497 Clearbrook Rd, Abbotsford
WWW.BSCC.CA

Skyview INSURANCE BROKERS LTD.
Open 7 days a week
ਮਨਜੀਤ ਸਿੰਘ ਧਾਮੀ
*AUTO *HOME *TRAVEL
• LIFE INSURANCE • DISABILITY INSURANCE
• COMMERCIAL • LIABILITY INSURANCE • MARINE • FARM • MORTGAGE INSURANCE • CRITICAL ILLNESS
ਤੁਸੀਂ ਕਿਸੇ ਤੋਂ ਵੀ ਇੰਸ਼ੋਰੈਂਸ ਕਰਵਾਓ ਪਰ ਸਾਨੂੰ ਇਕ ਵਾਰ ਆਪਣੀ ਪਾਲਿਸੀ ਜਰੂਰ ਦਿਖਾਓ
604.812.3931, 604.599.5222 #102-7500,120th St., Surrey



Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ



UNDER NEW MANAGEMENT NOW

22G MEAT SHOP

*Marinated *Non Marinate *Cooked



ਅਸੀਂ ਚਿਕਨ ਕੁੱਕ ਕਰਕੇ ਵੀ ਦਿੰਦੇ ਹਾਂ

*Goat Meat *Leg& Thigh *Boneless Thigh *Whole Chicken
*Boneless Breast Streaw *Boneless Breast *Drumstick

Wings	Leg & Thigh	Chicken Breast
•Tandoori Flavour	•Tandoori Flavour	•Tandoori Flavour
•BBQ Flavour	•BBQ Flavour	•BBQ Flavour
•Malai Flavour	•Malai Flavour	•Malai Flavour
• Kashmiri Flavour	• Kashmiri Flavour	• Kashmiri Flavour
•Lemon Flavour	•Lemon Flavour	•Lemon Flavour
•Peri-Peri Flavour		

Salmon Marinated Fish & Basa (Tandoori) Marinated Fish

ਇੱਥੇ ਪਨੀਰ ਸਟਿੱਕਸ ਵੀ ਮਿਲਦੀਆਂ ਹਨ

604-503-9870, 604-388-1222

12788-76A Ave, Surrey, BC

ਸ੍ਰੀ ਅਨੰਦਪੁਰ ਸਾਹਿਬ ਘਟਨਾਕ੍ਰਮ ਦੀ ਜਾਂਚ ਲਈ ਸਿੱਟ ਦਾ ਗਠਨ

ਚੰਡੀਗੜ੍ਹ (ਗੁਰਜੀਤ ਬਿੱਲਾ) 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਵੀਰਵਾਰ ਇੱਕ ਵਾਰ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਚੁੱਕੇ ਅਤੇ ਸ੍ਰੀ ਅਨੰਦਪੁਰ ਸਾਹਿਬ ਸਰਾਂ ਮਾਮਲੇ 'ਤੇ ਐੱਸ ਜੀ ਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਇਸ ਦੇ "ਮੁੱਖ ਸਰਪ੍ਰਸਤ" ਸੁਖਬੀਰ ਸਿੰਘ ਬਾਦਲ ਤੋਂ ਜਵਾਬ ਮੰਗਿਆ। ਉਨ੍ਹਾਂ ਐੱਸ ਜੀ ਪੀਸੀ ਸਰਾਂ ਵਿੱਚ ਮਹਿਲਾ ਦੇ ਠਹਿਰਨ, 1 ਲੱਖ ਦੇ ਇਲਾਜ ਦੇ ਭੁਗਤਾਨ ਅਤੇ ਰਜਿਸਟਰ ਵਿੱਚ ਗੜਬੜੀਆਂ ਬਾਰੇ ਐੱਸ ਜੀ ਪੀ ਸੀ ਪ੍ਰਧਾਨ ਦੁਆਰਾ ਦਿੱਤੇ ਸਪੱਸ਼ਟੀਕਰਨਾਂ 'ਤੇ ਸਵਾਲ ਚੁੱਕੇ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ, "'ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਪੂਰੇ ਘਟਨਾਕ੍ਰਮ ਦੀ ਜਾਂਚ ਲਈ ਤਿੰਨ ਮੈਂਬਰੀ ਐੱਸ ਆਈ ਟੀ ਦਾ ਗਠਨ ਕੀਤਾ ਹੈ। ਐੱਸ ਆਈ ਟੀ ਦੀ ਅਗਵਾਈ ਪੰਜਾਬ ਪੁਲਸ ਅਧਿਕਾਰੀ ਗੁਰਬੰਸ ਸਿੰਘ ਬੈਂਸ ਕਰ ਰਹੇ ਹਨ, ਜਦੋਂ ਕਿ ਸਿਮਰਨਜੀਤ ਸਿੰਘ ਲੰਗ ਅਤੇ ਕਰਨ ਸਿੰਘ ਸੰਧੂ ਇਸ ਦੇ ਮੈਂਬਰ ਹਨ । ਇਹ ਜਾਂਚ ਉਨ੍ਹਾਂ ਬਹੁਤ ਸਾਰੇ ਸਵਾਲਾਂ ਦਾ ਹੱਲ ਕਰੇਗੀ, ਜੋ ਹੁਣ ਤੱਕ ਅਣਸੁਲਝੇ ਰਹੇ ਹਨ ।'" ਉਨ੍ਹਾ ਕਿਹਾ, "'ਜਾਂਚ ਵਿੱਚ ਇਹ ਜਵਾਬ ਮਿਲੇਗਾ ਕਿ ਮਹਿਲਾ ਬਹਿਰੀਨ ਤੋਂ ਕਿਵੇਂ ਆਈ, ਸ੍ਰੀ ਅਨੰਦਪੁਰ ਸਾਹਿਬ ਦੀ ਐੱਸ ਜੀ ਪੀ ਸੀ ਸਰਾਂ ਵਿੱਚ ਉਸ ਦੇ ਆਉਣ ਅਤੇ ਠਹਿਰਨ ਦਾ ਪ੍ਰਬੰਧ ਕਿਸ ਨੇ ਕੀਤਾ, ਉਸ ਨੂੰ ਕੀ-ਕੀ ਇੰਤਜ਼ਾਮ ਅਤੇ ਸਹੂਲਤਾਂ ਦਿੱਤੀਆਂ ਗਈਆਂ, ਇਹ ਸਹੂਲਤਾਂ ਕਿਸ ਨੇ ਮਨਜ਼ੂਰ ਕੀਤੀਆਂ ਅਤੇ ਉਸ ਨੂੰ ਮਹੀਨਿਆਂਬੱਧੀ ਉੱਥੇ ਰਹਿਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ।' ਆਪ ਪੰਜਾਬ ਦੇ ਮੀਡੀਆ ਇੰਚਾਰਜ ਨੇ ਦਾਅਵਾ ਕੀਤਾ ਕਿ "ਭਗਵੰਤ ਮਾਨ ਸਰਕਾਰ ਨੇ ਹੁਣ ਇਸ ਪੂਰੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ, ਜੋ ਉਨ੍ਹਾਂ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇਵੇਗੀ, ਜੋ ਹੁਣ ਤੱਕ ਅਣਸੁਲਝੇ ਸਨ।

ਪੰਜਾਬ ਚੋਣਾਂ ਤੋਂ ਪਹਿਲਾਂ ਭਾਜਪਾ ਘਬਰਾ ਗਈ ਹੈ:ਮਾਨ

ਸੰਗਰੂਰ/ਧੂਰੀ:ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਸੀ ਬੀ ਆਈ ਵੱਲੋਂ ਆਪਣੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਦੇ ਘਰ ਛਾਪੇਮਾਰੀ ਤੋਂ ਇੱਕ ਦਿਨ ਬਾਅਦ ਬੁੱਧਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਵਿਰੋਧੀਆਂ 'ਤੇ ਛਾਪੇਮਾਰੀ ਕਰਵਾਉਣਾ ਭਾਜਪਾ ਦੇ 'ਕੰਮ ਕਰਨ ਦਾ ਤਰੀਕਾ' ਹੈ। ਉਨ੍ਹਾ ਦਾਅਵਾ ਕੀਤਾ ਕਿ 7-8 ਘੰਟੇ ਚੱਲੀ ਇਸ ਤਲਾਸ਼ੀ ਦੌਰਾਨ ਕੇਂਦਰੀ ਏਜੰਸੀ ਨੂੰ ਕੁਝ ਵੀ ਇਤਰਾਜ਼ਯੋਗ ਜਾਂ ਸ਼ੱਕੀ ਨਹੀਂ ਮਿਲਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੀ ਬੀ ਆਈ ਨੇ ਮੰਗਲਵਾਰ ਘੁੰਮਣ ਅਤੇ ਹੋਰ ਅਧਿਕਾਰੀਆਂ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ। ਇਸ ਤੋਂ ਬਾਅਦ ਏਜੰਸੀ ਨੇ ਮੁੱਖ ਮੰਤਰੀ ਦੇ 'ਕੈਂਪ ਦਫਤਰ' ਸਮੇਤ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਸੀ। ਹਾਈ ਕੋਰਟ ਨੇ ਕੇਂਦਰੀ ਏਜੰਸੀ ਨੂੰ ਜਾਂਚ ਦੇ ਨਿਰਦੇਸ਼ ਦਿੰਦਿਆਂ ਨੋਟ ਕੀਤਾ ਸੀ ਕਿ ਈ ਡੀ ਵੱਲੋਂ ਸਾਂਝੀ ਕੀਤੀ ਗਈ ਸਮੱਗਰੀ ਪਹਿਲੀ ਨਜ਼ਰੇ ਅਧਿਕਾਰੀਆਂ ਦੀ ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਵੱਲ ਇਸ਼ਾਰਾ ਕਰਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਦੋਸ਼ ਲਾਇਆ ਕਿ ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਭਾਜਪਾ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਲੱਗ ਜਾਂਦੀ ਹੈ। ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਵਿਰੋਧੀ ਧਿਰ ਦੇ ਆਗੂਆਂ, ਉਨ੍ਹਾਂ ਦੇ ਸਾਥੀਆਂ ਜਾਂ ਪਰਵਾਰਕ ਮੈਂਬਰਾਂ 'ਤੇ ਛਾਪੇਮਾਰੀ ਕਰਵਾ ਕੇ ਉਨ੍ਹਾਂ ਨੂੰ ਤੰਗ-ਪਰੇਸ਼ਾਨ ਕਰਨਾ ਭਾਜਪਾ ਦਾ ਪੁਰਾਣਾ ਹਥਿਆਰ ਹੈ। ਮੁੱਖ ਮੰਤਰੀ ਨੇ ਸਵਾਲ ਚੁੱਕਿਆ ਕਿ ਹਾਈ ਕੋਰਟ ਦੇ ਹੁਕਮਾਂ ਦੇ 24 ਘੰਟਿਆਂ ਦੇ ਅੰਦਰ ਹੀ ਛਾਪਾ ਮਾਰ ਦਿੱਤਾ ਗਿਆ, ਕੀ ਸੀ ਬੀ ਆਈ ਇੰਨੀ ਹੀ ਤੇਜ਼ੀ ਨਾਲ ਪੁਰਾਣੇ ਕੇਸਾਂ 'ਤੇ ਵੀ ਕੰਮ ਕਰਦੀ ਹੈ? ਉਨ੍ਹਾਂ ਕਿਹਾ, ''ਅਸੀਂ ਜਾਂਚ ਤੋਂ ਡਰਨ ਵਾਲੇ ਨਹੀਂ ਹਾਂ।ਪਰ ਚੋਣਾਂ ਤੋਂ ਪਹਿਲਾਂ ਭਾਜਪਾ ਘਬਰਾ ਗਈ ਹੈ।

ਛਾਪੇ ਚੋਣਾਂ ਸਮੇਂ ਸਿਰ ਹੋਣ ਦਾ ਸੰਕੇਤ

ਚੰਡੀਗੜ੍ਹ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਵਿੱਚ ਈ ਡੀ ਅਤੇ ਸੀ ਬੀ ਆਈ ਦੇ ਛਾਪਿਆਂ ਨਾਲ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ।ਛਾਪੇ ਇਸ ਗੱਲ ਦਾ ਸੰਕੇਤ ਹਨ ਕਿ ਚੋਣਾਂ ਸਮੇਂ ਸਿਰ ਹੋਣਗੀਆਂ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ ਵੀ ਭਾਜਪਾ ਵੱਲੋਂ ਚੋਣਾਂ ਵਾਲੇ ਸੂਬਿਆਂ ਵਿੱਚ ਈ ਡੀ ਅਤੇ ਸੀ ਬੀ ਆਈ ਦੇ ਛਾਪਿਆਂ ਨਾਲ ਹੀ ਚੋਣ ਮੁਹਿੰਮ ਸ਼ੁਰੂ ਕੀਤੀ ਗਈ ਸੀ ।ਮਾਨ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੇ ਸਾਥੀਆਂ ਉੱਤੇ ਛਾਪੇਮਾਰੀ ਕਰਵਾਈ ਗਈ, ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਸਮੇਤ ਹੋਰ ਕਈ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ।ਇਸ ਤੋਂ ਪਹਿਲਾਂ ਛੱਤੀਸਗੜ੍ਹ, ਹਰਿਆਣਾ, ਰਾਜਸਥਾਨ ਅਤੇ ਯੂ ਪੀ ਵਿੱਚ ਵੀ ਇਸੇ ਤਰ੍ਹਾਂ ਛਾਪੇਮਾਰੀਆਂ ਕਰਵਾਈਆਂ ਗਈਆਂ ।ਉਨ੍ਹਾ ਕਿਹਾ ਕਿ ਅਦਾਲਤਾਂ ਵਿੱਚ ਪਹਿਲਾਂ ਵੀ ਲੰਬੇ ਸਮੇਂ ਤੋਂ ਕੇਸ ਲਟਕਦੇ ਆ ਰਹੇ ਹਨ, ਜਿਨ੍ਹਾਂ ਦਾ ਨਿਪਟਾਰਾ ਨਹੀਂ ਹੋ ਰਿਹਾ, ਪਰ ਇਹ ਮਾਮਲਾ ਰਾਤੋ-ਰਾਤ ਸੀ ਬੀ ਆਈ ਨੂੰ ਸੌਂਪ ਦਿੱਤਾ ਗਿਆ ਅਤੇ ਸੀ ਬੀ ਆਈ ਨੇ ਵੀ ਤੁਰੰਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ । ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਪੰਜਾਬ ਦੀ ਆਪ ਸਰਕਾਰ ਨੂੰ ਜਾਣ-ਬੁੱਝ ਕੇ ਤੰਗ-ਪਰੇਸ਼ਾਨ ਅਤੇ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਹਰ ਕਿਸਮ ਦੀ ਜਾਂਚ ਵਿੱਚ ਸ਼ਾਮਲ ਹੋਣ ਲਈ ਤਿਆਰ ਹੈ, ਪਰ ਜਦੋਂ ਸੰਮਨ ਸਹੀ ਚੈਨਲ ਰਾਹੀਂ ਉਨ੍ਹਾਂ ਤੱਕ ਪਹੁੰਚਣਗੇ, ਤਾਂ ਹੀ ਉਹ ਜਾਂਚ ਵਿੱਚ ਸ਼ਾਮਲ ਹੋਣਗੇ।

NEWTON DENTURE CLINIC INC.
Balraj (Reggie) Gill R.D. B.Sc.
Registered Denturist
ਜੇ ਤੁਸੀਂ ਦੰਦ ਲਗਵਾਉਣੇ ਹਨ ਜਾਂ ਫਿਰ ਲਗਵਾਏ ਹਨ
ਦੰਦ ਪੁਰਾਣੇ ਹਨ ਹੁਣ ਨਵੇਂ ਲਗਵਾਉਣੇ ਹਨ ਬਲਰਾਜ ਗਿੱਲ ਨੂੰ ਫੋਨ ਕਰੋ
ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ
ਬਲਰਾਜ ਨਾਲ ਅਪਾਇੰਟਮੈਂਟ ਬਣਾਉ ਤੇ ਖਾਣਾ ਚੰਗੀ ਤਰ੍ਹਾਂ ਖਾਓ
ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ
ਤਾਂ ਬਲਰਾਜ ਨੂੰ ਮਿਲੋ।ਇਹ ਤੁਹਾਡੀ ਸੇਵਾ ਲਈ ਸਰੀ ਵਿਚ ਹਨ।

ਬਲਰਾਜ ਸਿੰਘ ਗਿੱਲ
20 ਸਾਲ ਤੋਂ ਵੱਧ ਦਾ ਤਜਰਬਾ
ਪੰਜਾਬੀ ਅਤੇ ਅੰਗਰੇਜ਼ੀ ਬੋਲਦੇ ਹਾਂ
ਮੁਫਤ ਸਲਾਹ ਲਈ ਕਾਲ ਕਰੋ:
SURREY LOCATION
#211-8334-128 ST.
(2nd FLOOR KHALSA BUSINESS CENTRE)
604-590-9747
www.newtondentures.ca Email:newtondentures@gmail.com


REAL ESTATE
KULWANT ATWAL
604 716 2135
Amex Reality
MORTGAGES
BHAJAN ATWAL
604 773 8426
SAVE COMMISION & GET SOLD GUARANTEED
*WE HELP FIRST TIME BUYERS (Receive $5K)
*Some Conditions Apply

Centum Financial
PRIVATE MORTGAGES
Quick Approval & No Bank Rules
For Real Estate
Call 604 716 2135
For Mortgages
Call 604 773 8426

Sidhu Homeopathic Clinic
Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases

Dr. Malkit Singh Sidhu
D.H.M.S. (Hons.)
drmsidhu2@gmail.com
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।

Dr. Kirandeep Kaur Sidhu
D.H.M.S. (Pb.)
drksidhu70@gmail.com
Ph: 604-446-3154
NO SIDE EFFECTS
#109-12830-80Ave, Surrey, BC V3W 3A8 (York Centre)

AMC INSURANCE SERVICE LTD.
• Homeowner • Fleet • Business • Auto • Travel • Boats • Life • Critical • Cargo • Commercial
ਸਾਡੇ ਦਫਤਰ ਹਫਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ
ADVANCED MATCHLESS COVERAGE
Peace of Mind for The Future
We are open for walk-ins!
No appointments are needed!
Get a Free Quote
1-866-350-8555
HOUSE INSURANCE
HOUSE	CONTENTS	LIABILITY	PREMIUM
$400,000	$320,000	1 Million	$580 /YEAR
$500,000	$400,000	1 Million	$660 /YEAR
$600,000	$480,000	1 Million	$745 /YEAR
$750,000	$600,000	1 Million	$890 /YEAR
$1,000,000	$800,000	1 Million	$1100 YEAR
All discounts applied to above rate. Discounts may vary due to individual circumstances & policy requirements.
Rates subject to change without notice.
Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan
ICBC Autoplan
ਆਟੋ ਪਲੈਨ
ਫੋਨ ਜਾਂ ਈਮੇਲ ਰਾਹੀਂ ਮਿੰਟਾਂ ਵਿਚ ਹੀ
ਆਪਣੀ ਕਾਰ ਦੀ ਇੰਸ਼ੋਰੈਂਸ ਰੀਨਿਊ ਕਰਵਾਉ
SWITCH TO AMC INSURANCE & SAVE BIG

Truck Insurance & Pro-Rate
Wawanesa Insurance
ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਇੰਸ਼ੋਰੈਂਸ ਫਾਇਨੈਂਸਿੰਗ ਵੀ ਕਰਦੇ ਹਾਂ
NEW WESTMINSTER Ph: 604-526-4644 450 Sixth St, New Westminster
CLOVERDALE Ph: 604-229-1374 #134 -17455, Hwy 10
LANGLEY Ph: 604-227-1069 #160-20728 Willoughby Town Center
COQUITLAM Ph: 604-359-6213 #404, 552 Clarke Rd
COQUITLAM Ph: 604-229-2854 405-1192 Lansdowne Dr
VANCOUVER Ph: 604-239-3164 593W 57th Ave
ABBOTSFORD Ph: 604-409-4503 31696 South Fraserway
NORTH VANCOUVER Ph: 604-359-8461 140 East 14th Street,
BURNSLAKE Ph:250-800-8792 330 BC-16 Burnslake
VANCOUVER DOWNTOWN Ph:604-265-9966 206 Davie St, Vancouver
*GET A FREE QUOTE TODAY *HOT DEALS ON PRIVATE AUTO INSURANCE
SURREY (HEAD OFFICE)
Ph: 604-409-8564
#120, 12888 - 80th Ave.
ਅਸੀਂ ਸੁਪਰਵੀਜਾ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ
ਜੇਕਰ ਵੀਜਾ ਨਹੀਂ ਮਿਲਦਾ ਤਾਂ ਇੰਸ ਪਾਲਿਸੀ ਦੇ ਪੂਰੇ ਪੈਸੇ ਵਾਪਿਸ ਕੀਤੇ ਜਾਣਗੇ
www.amcinsurance.ca • info@amcinsurance.ca

ਕੰਸਰਵੇਟਿਵ ਸਲੇਟ ਦੀ ਰੈਲੀ ਵਿੱਚ ਸਰੀ ਦੇ ਵਿਕਾਸ, ਸੁਰੱਖਿਆ ਤੇ ਟੈਕਸਾਂ ਦੇ ਮੁੱਦੇ ਭਾਰੂ

ਹੋਨਵੀਰ ਸਿੰਘ ਰੰਧਾਵਾ ਪੁਰਾਣੀ ਸਿਆਸੀ ਪਕੜ ਤੋਂ ਮੁਕਤ ਹੋ ਕੇ ਨਵੀਂ ਟੀਮ ਨੂੰ ਮੌਕਾ ਦੇਣ ਦੀ ਅਪੀਲ



ਸਰੀ, (ਹਰਦਮ ਮਾਨ): ਸਰੀ ਦੀਆਂ ਮਿਉਂਸਿਪਲ ਚੋਣਾਂ ਦੀ ਤਾਰੀਖ ਨੇੜੇ ਆਉਂਦਿਆਂ ਸ਼ਹਿਰ ਦੀ ਸਿਆਸੀ ਸਰਗਰਮੀ ਤੇਜ਼ ਹੋ ਗਈ ਹੈ। ਵੱਖ-ਵੱਖ ਸਲੇਟਾਂ ਵੱਲੋਂ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਮੀਟਿੰਗਾਂ ਅਤੇ ਰੈਲੀਆਂ ਦਾ ਦੌਰ ਜਾਰੀ ਹੈ। ਇਸੇ ਕੜੀ ਵਿੱਚ ਪਾਇਲ ਬਿਜ਼ਨਸ ਸੈਂਟਰ ਸਥਿਤ ਇੰਪਰੈਸ ਬੈਂਕੁਇਟ ਹਾਲ ਵਿੱਚ ਕੰਸਰਵੇਟਿਵ ਸਲੇਟ ਆਫ ਸਰੀ ਵੱਲੋਂ ਇੱਕ ਚੋਣ ਰੈਲੀ ਕੀਤੀ ਗਈ, ਜਿਸ ਵਿੱਚ ਸਲੇਟ ਦੇ ਉਮੀਦਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮਰਥਕਾਂ ਅਤੇ ਸਥਾਨਕ ਵਸਨੀਕਾਂ ਨੇ ਸ਼ਮੂਲੀਅਤ ਕੀਤੀ। ਸਰੀ ਵਿੱਚ 17 ਅਕਤੂਬਰ ਨੂੰ ਮੇਅਰ, ਅੱਠ ਸਿਟੀ ਕੌਂਸਲਰ ਅਤੇ ਛੇ ਸਕੂਲ ਟਰੱਸਟੀਆਂ ਦੀ ਚੋਣ ਲਈ ਵੋਟਾਂ ਪੈਣੀਆਂ ਹਨ।

ਇਸ ਰੈਲੀ ਦੌਰਾਨ ਬੁਲਾਰਿਆਂ ਨੇ ਸਰੀ ਦੇ ਮੌਜੂਦਾ ਹਾਲਾਤ, ਸ਼ਹਿਰ ਦੇ ਭਵਿੱਖੀ ਵਿਕਾਸ, ਟੈਕਸਾਂ, ਸੁਰੱਖਿਆ, ਸੜਕਾਂ ਅਤੇ ਬੁਨਿਆਦੀ ਢਾਂਚੇ, ਕਾਰੋਬਾਰੀਆਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਥਾਨਕ ਸਰਕਾਰ ਦੀ ਜਵਾਬਦੇਹੀ ਵਰਗੇ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਮੀਦਵਾਰਾਂ ਨੇ ਕਿਹਾ ਕਿ ਤੇਜ਼ੀ ਨਾਲ ਵਧ ਰਹੇ ਸਰੀ ਨੂੰ ਅਜਿਹੇ ਪ੍ਰਸ਼ਾਸਨ ਦੀ ਲੋੜ ਹੈ ਜੋ ਲੋਕਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਨੂੰ ਸਮਝਣ ਦੇ ਨਾਲ-ਨਾਲ ਟੈਕਸਦਾਤਿਆਂ ਦੇ ਪੈਸੇ ਦੀ ਵਰਤੋਂ ਲਈ ਵੀ ਜਵਾਬਦੇਹ ਹੋਵੇ। ਮੇਅਰ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਟੈਕਸਾਂ, ਸੁਰੱਖਿਆ ਅਤੇ ਲੋਕਾਂ ਨੂੰ ਬਿਹਤਰ ਨਗਰ ਸਹੂਲਤਾਂ ਦੇਣ ਨੂੰ ਆਪਣੀ ਮੁਹਿੰਮ ਦੀਆਂ ਮੁੱਖ ਤਰਜੀਹਾਂ ਦੱਸਿਆ। ਉਨ੍ਹਾਂ ਕਿਹਾ ਕਿ ਸਰੀ ਦੇ ਲੋਕ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਟੈਕਸ ਦਿੰਦੇ ਹਨ ਅਤੇ ਉਨ੍ਹਾਂ ਦੇ ਪੈਸੇ ਨੂੰ ਸ਼ਹਿਰ ਦੀਆਂ ਅਸਲ ਲੋੜਾਂ 'ਤੇ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਖਰਚ ਕਰਨਾ ਸਿਟੀ ਹਾਲ ਦੀ ਜ਼ਿੰਮੇਵਾਰੀ ਹੈ। ਰੰਦਾਵਾ ਦੀ ਚੋਣ ਮੁਹਿੰਮ ਵੱਲੋਂ ਵੀ 'ਸੁਰੱਖਿਅਤ ਸਰੀ, ਘੱਟ ਟੈਕਸ ਅਤੇ ਮਜ਼ਬੂਤ ਸਰੀ' ਨੂੰ ਮੁੱਖ ਸੁਨੇਹੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।ਸ. ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਸਰੀ ਦੀ ਮੌਜੂਦਾ ਸਿਆਸੀ ਵਿਵਸਥਾ 'ਤੇ ਵੀ ਸਵਾਲ ਉਠਾਏ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਲਗਭਗ ਦੋ-ਤਿੰਨ ਦਹਾਕਿਆਂ ਤੋਂ ਕੁਝ ਲੋਕ ਹੀ ਸਰੀ ਦੀ ਸਿਟੀ ਸਰਕਾਰ ਵਿੱਚ ਵੱਖ-ਵੱਖ ਰੂਪਾਂ ਵਿੱਚ ਪ੍ਰਭਾਵਸ਼ਾਲੀ ਰਹੇ ਹਨ ਅਤੇ ਹੁਣ ਵੋਟਰਾਂ ਨੂੰ ਇਹ ਵੀ ਸਵਾਲ ਕਰਨਾ ਚਾਹੀਦਾ ਹੈ ਕਿ ਇਸ ਲੰਬੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਸ਼ਹਿਰ ਅਤੇ ਲੋਕਾਂ ਲਈ ਕੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੁਰਾਣੀ ਸਿਆਸੀ ਪਕੜ ਤੋਂ ਅੱਗੇ ਵਧਦਿਆਂ ਨਵੀਂ ਟੀਮ ਨੂੰ ਮੌਕਾ ਦਿੱਤਾ ਜਾਵੇ, ਜੋ ਸਰੀ ਦੇ ਵਸਨੀਕਾਂ ਦੀਆਂ ਲੋੜਾਂ ਅਤੇ ਸ਼ਹਿਰ ਦੇ ਵਿਕਾਸ ਨੂੰ ਆਪਣੀ ਤਰਜੀਹ ਬਣਾਏ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਤਰੱਕੀ ਸਿਰਫ਼ ਨਵੀਆਂ ਇਮਾਰਤਾਂ ਅਤੇ ਵੱਡੇ ਪ੍ਰਾਜੈਕਟਾਂ ਨਾਲ ਨਹੀਂ ਮਾਪੀ ਜਾ ਸਕਦੀ, ਸਗੋਂ ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਮਿਲਣ ਵਾਲੀਆਂ ਸਹੂਲਤਾਂ, ਸੜਕਾਂ ਦੀ ਹਾਲਤ, ਆਵਾਜਾਈ, ਸੁਰੱਖਿਆ, ਕਾਰੋਬਾਰ ਲਈ ਸੁਖਾਵਾਂ ਮਾਹੌਲ ਅਤੇ ਜਨਤਕ ਥਾਵਾਂ ਦੀ ਸਹੀ ਸੰਭਾਲ ਵੀ ਸ਼ਹਿਰ ਦੇ ਵਿਕਾਸ ਦਾ ਅਹਿਮ ਹਿੱਸਾ ਹਨ। ਉਨ੍ਹਾਂ ਸਥਾਨਕ ਸਰਕਾਰ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣ ਅਤੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ 'ਤੇ ਜ਼ੋਰ ਦਿੱਤਾ।


ਸਰੀ ਵਿੱਚ ਹਿੰਸਾ ਅਤੇ ਲੁੱਟਖੋਹ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਸ. ਰੰਧਾਵਾ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਘਰਾਂ, ਕਾਰੋਬਾਰਾਂ ਅਤੇ ਜਨਤਕ ਥਾਵਾਂ 'ਤੇ ਸੁਰੱਖਿਅਤ ਮਹਿਸੂਸ ਕਰਵਾਉਣਾ ਮਹੱਤਵਪੂਰਨ ਹੈ। ਉਨ੍ਹਾਂ ਕਾਰੋਬਾਰੀਆਂ ਅਤੇ ਬਿਲਡਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਸਥਾਨਕ ਸਰਕਾਰ ਨੂੰ ਕਾਰੋਬਾਰੀ ਭਾਈਚਾਰੇ ਨਾਲ ਬਿਹਤਰ ਤਾਲਮੇਲ ਬਣਾਉਣ ਦੀ ਲੋੜ ਹੈ। ਬਜ਼ੁਰਗਾਂ ਲਈ ਜਨਤਕ ਥਾਵਾਂ 'ਤੇ ਬੁਨਿਆਦੀ ਸਹੂਲਤਾਂ, ਇੱਥੋਂ ਤੱਕ ਕਿ ਪਖਾਨਿਆਂ ਵਰਗੀਆਂ ਸਹੂਲਤਾਂ, ਉਪਲਬਧ ਕਰਵਾਉਣ ਦੀ ਗੱਲ ਵੀ ਉਨ੍ਹਾਂ ਕੀਤੀ।

ਰੈਲੀ ਨੂੰ ਕੌਂਸਲ ਉਮੀਦਵਾਰ ਹਰਕੀਰਤ ਸਿੱਧੂ, ਰਿੱਕੀ ਬਾਜਵਾ, ਕੋਡਰ ਪੁਲਰ, ਮਨੂ ਸ਼ਰਮਾ, ਮੇਹਨਾਜ ਜਾਵੇਦ, ਕੈਲਵਿਨ ਵੈਂਡਰਪਲੋਗ, ਡੋਨਾ ਹੁ ਅਤੇ ਡੈਨ ਬੀ. ਕਾਰਲੋਜ਼ ਨੇ ਵੀ ਸੰਬੋਧਨ ਕੀਤਾ। ਇਹਨਾਂ ਉਮੀਦਵਾਰਾਂ ਨੇ ਆਪਣੇ-ਆਪਣੇ ਹਲਕਿਆਂ ਅਤੇ ਸ਼ਹਿਰ ਨਾਲ ਜੁੜੇ ਮੁੱਦਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਰੀ ਦੇ ਤੇਜ਼ੀ ਨਾਲ ਹੋ ਰਹੇ ਵਿਸਥਾਰ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਵਿੱਚ ਯੋਜਨਾਬੱਧ ਵਿਕਾਸ, ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਸੁਰੱਖਿਆ ਅਤੇ ਟੈਕਸਦਾਤਿਆਂ ਦੇ ਪੈਸੇ ਦੀ ਜਵਾਬਦੇਹ ਵਰਤੋਂ ਵੱਲ ਵਿਸ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਪੱਛਮੀ ਬੰਗਾਲ ਵਿੱਚ ਹਿੰਦੂਤਵੀ ਭੀੜ ਨੇ ਦੋ ਮੁਸਲਮਾਨਾਂ ਨੂੰ ਮਾਰਿਆ

ਕੋਲਕਾਤਾ: ਭਾਰਤੀ ਜਨਤਾ ਪਾਰਟੀ ਸ਼ਾਸਤ ਪੱਛਮੀ ਬੰਗਾਲ ਰਾਜ ਵਿੱਚ ਹਿੰਦੂਤਵੀ ਭੀੜ ਨੇ ਦੋ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਤਿੰਨ ਹੋਰ ਜ਼ਖਮੀ ਕਰ ਦਿੱਤੇ। ਦਾਰਜੀਲਿੰਗ ਜ਼ਿਲ੍ਹੇ ਦੇ ਮਤੀਗਰਾ-ਬਾਗਡੋਗਰਾ ਖੇਤਰ ਵਿੱਚ ਬਾਲਸਨ ਨਦੀ ਦੇ ਨੇੜੇ ਤਾਰਾਬਾਰੀ ਪਿੰਡ ਦੇ ਨੇੜੇ ਇੱਕ ਹਿੰਦੂਤਵੀ ਭੀੜ ਵੱਲੋਂ ਪੰਜ ਲੋਕਾਂ 'ਤੇ ਹਮਲਾ ਕਰਨ ਤੋਂ ਬਾਅਦ ਦੋ ਮੁਸਲਿਮ ਆਦਮੀ ਮਾਰੇ ਗਏ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਪੀੜਤਾਂ ਦੀ ਪਛਾਣ ਸ਼ਾਹਿਦ ਅਖਤਰ ਅਤੇ ਸੱਜਾਦ ਮੁਹੰਮਦ ਵਜੋਂ ਹੋਈ ਹੈ, ਜਦੋਂ ਕਿ ਹਮਲੇ ਵਿੱਚ ਅਮੀਰ ਸੱਤਾਰ, ਅਕਰਮ ਖਾਨ ਅਤੇ ਆਰਿਫ ਖਾਨ ਜ਼ਖਮੀ ਹੋ ਗਏ ਹਨ।

GAUTAM & ASSOCIATES
TRIAL LAWYERS



OUR AREAS OF EXPERTISE

*PERSONAL INJURY LAW *PROHIBITIONS *FAMILY LAW
*VISA REFUSALS *CIVIL AND COMMERCIAL
*IMMEDIATE ROADSIDE *LITIGATION *WILLS AND ESTATES

ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

ਕਿਸੇ ਵੀ ਤਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਭਰੋਸੇਮੰਦ ਨਾਮ
NAGINA S. BANGER B.A., M.A.
ਨਗੀਨਾ ਸਿੰਘ ਬੰਗੜ
Over 25 years Experience in Insurance & investments

Best Rates for Mortgage Life Insurance
Best Rates for SUPER VISA INSURANCE

* Life Insurance
* Mortgage Life Insurance
* Critical Illness/Disability Insurance
* Long Term Care Insurance
* RRSP's - RRIF - Annuities - TAX FREE Savings Account
* Extended Health, Dental Insurance & Super Visa
* Visitors to Canada & Immigrant Medical Insurance
* Children Insurance Plans

* ਲਾਈਫ਼ ਇੰਸ਼ੋਰੈਂਸ
* ਮੋਰਟਗੇਜ਼ ਲਾਈਫ ਇੰਸ਼ੋਰੈਂਸ
* ਕਰੀਟੀਕਲ ਇਲਨੈਸ ਇੰਸ਼ੋਰੈਂਸ / ਡਿਸਏਬਿਲਟੀ ਇੰਸ਼ੋਰੈਂਸ
* ਲੌਂਗ ਟਰਮ ਕੇਅਰ ਇੰਸ਼ੋਰੈਂਸ
* ਆਰ.ਆਰ.ਐਸ.ਪੀ * ਟੈਕਸ ਫਰੀ ਸੇਵਿੰਗ ਅਕਾਊਂਟ
* ਵਿਜ਼ਟਰ ਅਤੇ ਨਵੇਂ ਇਮੀਗਰਾਂਟਾਂ ਦੀ ਮੈਡੀਕਲ ਅਤੇ ਸੁਪਰ ਵੀਜ਼ਾ ਇੰਸ਼ੋਰੈਂਸ
* ਬੱਚਿਆਂ ਦੀ ਇੰਸ ਇੰਸ਼ੋਰੈਂਸ ਪਲੈਨ



COMMONWEALTH FINANCIAL
*Mortgages • Investments • Insurance

ਨਗੀਨਾ ਸਿੰਘ ਬੰਗੜ

Cell: 250-613-0450 * Off: 250-960-2233
Res: 250-564-2167 * Fax: 250-562-4649
575 Victoria Street, Prince George, BC V2L 2K2
Email: nbanger@shaw.ca * Website: mycommonwelth.ca

SUDDEN IMPACT
Autobody & Repair Ltd.
BEST QUALITY!
BEST SERVICE!
ICBC c.a.r. shop
Accredited Collision Repairs
BBB
MasterCard VISA



ICBC Claims
Private Claims
Custom Painting
Windshield Claims
Freeway Truck Painting
Lifetime Guarantee on All Repairs

ICBC ਗਲਾਸ ਐਕਸਪ੍ਰੈਸ ਸਰਵਿਸ



Ph: 604-507-2247
Cell: 604-723-9697
Fax: 604-507-2249 e-mail: sudden@telus.net
Unit #1 - 12372-82A Ave. Surrey, B.C. V3W 0L6
CONTACT: SIMMERJIT (SIMI) SAMRA

ਇਜ਼ਰਾਈਲ ਨੇ ਗਾਜ਼ਾ ਸ਼ਹਿਰ ਮਿੱਟੀ ’ਚ ਮਿਲਾਇਆ

ਤਹਿਰਾਨ:ਰਾਫ਼ਾ ਸ਼ਹਿਰ, ਜਿੱਥੇ ਕਦੇ ਢਾਈ ਲੱਖ ਲੋਕ ਵੱਸਦੇ ਸਨ, ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਹੈ। ਇਹ ਸ਼ਾਇਦ ਪਿਛਲੇ ਤਿੰਨ ਸਾਲਾਂ ਦੌਰਾਨ ਇਜ਼ਰਾਈਲ ਦੀ ਫ਼ੌਜੀ ਮੁਹਿੰਮ ਕਾਰਨ ਗਾਜ਼ਾ ਪੱਟੀ ਨੂੰ ਲੱਗਾ ਸਭ ਤੋਂ ਭਿਆਨਕ ਜ਼ਖ਼ਮ ਹੈ। ਗਾਜ਼ਾ ਸ਼ਹਿਰ ਦੀ ਲਗਪਗ ਪੂਰੀ ਆਬਾਦੀ ਬੇਘਰ ਹੋਣ ਕਾਰਨ ਸਾਹਿਲੀ ਇਲਾਕਾ ਹੁਣ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ‘ਤੰਬੂ-ਸ਼ਹਿਰਾਂ’ ’ਚ ਸ਼ੁਮਾਰ ਹੋ ਗਿਆ ਹੈ।ਉਪਗ੍ਰਹਿ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਇਜ਼ਰਾਇਲੀ ਫ਼ੌਜ ਨੇ ਦੱਖਣੀ ਸ਼ਹਿਰ ਅਤੇ ਹੋਰ ਕਸਬਿਆਂ ਤੇ ਇਲਾਕਿਆਂ ਨੂੰ ਯੋਜਨਾਬੱਧ ਢੰਗ ਨਾਲ ਢਾਹ ਕੇ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਕੁਝ ਥਾਵਾਂ ’ਤੇ ਮਲਬਾ ਵੀ ਹਟਾ ਦਿੱਤਾ ਹੈ। ਬੁਲਡੋਜ਼ਰਾਂ ਅਤੇ ਵਿਸਫੋਟਕਾਂ ਦੀ ਵਰਤੋਂ ਨਾਲ ਕੀਤੀ ਜਾ ਰਹੀ ਭੰਨ-ਤੋੜ ਸਾਲ ਪਹਿਲਾਂ ਹੋਏ ਇਜ਼ਰਾਈਲ-ਹਮਾਸ ਜੰਗਬੰਦੀ ਸਮਝੌਤੇ ਤੋਂ ਬਾਅਦ ਵੀ ਲਗਾਤਾਰ ਜਾਰੀ ਹੈ। ਇਜ਼ਰਾਇਲੀ ਫ਼ੌਜ ਉਸ ਖੇਤਰ ਦੇ ਲਗਪਗ 60 ਫ਼ੀਸਦੀ ਹਿੱਸੇ ’ਤੇ ਆਪਣਾ ਕਬਜ਼ਾ ਮਜ਼ਬੂਤ ਕਰ ਰਹੀ ਹੈ, ਜੋ ਅਜੇ ਵੀ ਉਸ ਦੇ ਕੰਟਰੋਲ ਹੇਠ ਹੈ।

ਜਗਰਾਉਂ ਦਾ ਲਾਲਾ ਨਿਕਲਿਆ ਚਿੱਟੇ ਦਾ ਵੱਡਾ ਵਪਾਰੀ ਪਾਕਿਸਤਾਨ ਤੋਂ ਡਰੋਨ ਰਾਹੀਂ ਆਉਂਦੀ ਹੈਰੋਇਨ ਦੀ ਪੇਮੈਂਟ ਦੁਬਈ ਦੇ ਰਸਤੇ ਪਾਕਿਸਤਾਨ ਪਹੁੰਚਾਉਂਦਾ ਸੀ

ਜਗਰਾਉਂ(ਗੁਰਦੀਪ ਸਿੰਘ ਮਲਕ): ਪਾਕਿਸਤਾਨ ਸਰਹੱਦ ਰਾਹੀਂ ਡਰੋਨ ਦੇ ਜ਼ਰੀਏ ਭੇਜੀ ਜਾ ਰਹੀ ਹੈਰੋਇਨ ਦੀ ਕਥਿਤ ਪੇਮੈਂਟ ਹਵਾਲਾ ਨੈੱਟਵਰਕ ਰਾਹੀਂ ਪਾਕਿਸਤਾਨ ਤੱਕ ਪਹੁੰਚਾਉਣ ਦੇ ਮਾਮਲੇ ਵਿਚ ਜਗਰਾਉਂ ਦੇ ਸ਼ਾਸਤਰੀ ਨਗਰ ਵਾਸੀ ਕਪਿਲ ਗਰਗ ਨੂੰ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐੱਨ.ਟੀ.ਐੱਫ.) ਅਤੇ ਬੀ.ਐੱਸ.ਐੱਫ. ਨਾਲ ਜੁੜੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਕਪਿਲ ਗਰਗ ‘ਤੇ 250 ਕਿੱਲੋ ਤੋਂ ਵੱਧ ਹੈਰੋਇਨ ਦੀ ਕਥਿਤ ਪੇਮੈਂਟ ਹਵਾਲਾ ਨੈੱਟਵਰਕ ਰਾਹੀਂ ਪਾਕਿਸਤਾਨ ਪਹੁੰਚਾਉਣ ਵਿਚ ਭੂਮਿਕਾ ਨਿਭਾਉਣ ਦਾ ਦੋਸ਼ ਹੈ। ਪੁਲਿਸ ਨੇ ਉਸ ਨੂੰ ਪੁਰਾਣੀ ਦਾਣਾ ਮੰਡੀ ਸਥਿਤ ਫੀਡ ਰਿਟੇਲ ਦੁਕਾਨ ਤੋਂ ਹਿਰਾਸਤ ਵਿਚ ਲੈ ਕੇ ਸ਼ਾਸਤਰੀ ਨਗਰ ਸਥਿਤ ਘਰ ਦੀ ਕਬਜ਼ੇ ਵਿੱਚ ਲਈ ਗਈ। ਇਸ ਤੋਂ ਬਾਅਦ ਉਸ ਨੂੰ ਮਲਾਈ ਮੱਖਣ ਫੀਡ ਫੈਕਟਰੀ ਲਿਜਾ ਕੇ ਕਰੀਬ ਢਾਈ ਘੰਟੇ ਪੁੱਛਗਿੱਛ ਕੀਤੀ ਗਈ ਅਤੇ ਬੈਂਕ ਲੈਣ-ਦੇਣ ਨਾਲ ਸਬੰਧਤ ਦਸਤਾਵੇਜ਼ ਤੇ ਹੋਰ ਰਿਕਾਰਡ ਕਬਜ਼ੇ ਵਿਚ ਲਏ ਗਏ । ਜਾਂਚ ਮੁਤਾਬਕ ਕਪਿਲ ਦੇ ਕਥਿਤ ਲਿੰਕ ਦੁਬਈ ਅਤੇ ਪਾਕਿਸਤਾਨ ਵਿਚ ਬੈਠੇ ਡਰੱਗ ਨੈੱਟਵਰਕ ਨਾਲ ਜੋੜ ਕੇ ਦੇਖੇ ਜਾ ਰਹੇ ਹਨ।ਪੁਲਿਸ ਇਹ ਵੀ ਜਾਂਚ ਕਰ ਰਹੀ ਹੈ ਕਿ ਹਵਾਲੇ ਰਾਹੀਂ ਕਿੰਨੀ ਰਕਮ ਪਾਕਿਸਤਾਨ ਪਹੁੰਚਾਈ ਗਈ। ਇਹ ਜਾਂਚ 1 ਮਾਰਚ 2026 ਨੂੰ ਅੰਮ੍ਰਿਤਸਰ ਸਰਹੱਦੀ ਖੇਤਰ ਵਿੱਚ 12.35 ਕਿੱਲੋ ਹੈਰੋਇਨ ਦੀ ਬਰਾਮਦਗੀ ਤੋਂ ਬਾਅਦ ਸ਼ੁਰੂ ਹੋਈ ਸੀ। ਪੁਲਿਸ ਮੁਤਾਬਕ ਮਾਮਲੇ ਵਿੱਚ 18 ਮੁਲਜ਼ਮ ਨਾਮਜ਼ਦ ਹਨ, ਜਿਨ੍ਹਾਂ ਵਿੱਚੋਂ 12 ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਅਦਾਲਤ ਨੇ ਕਪਿਲ ਗਰਗ ਨੂੰ ਪੰਜ ਦਿਨਾਂ ਦੇ ਪੁਲਿਸ ਰਿਮਾਂਡ ‘ਤੇ ਭੇਜਿਆ ਹੈ।


ਕਪਿਲ ਗਰਗ

RESIDENTIAL, COMMERCIAL & PRIVATE MORTGAGES

Refinance & Renew Your Mortgage with us at Better Rates

ਬਿਲਡਰਾਂ ਅਤੇ ਡਿਵੈਲਪਰਾਂ ਵਾਸਤੇ ਪ੍ਰਾਈਵੇਟ ਪੈਸਿਆਂ ਦਾ ਪ੍ਰਬੰਧ

ਤੁਹਾਡੇ ਰੀਫਾਇਨੈਂਸ ਅਤੇ ਮੌਰਟਗੇਜ ਰਿਨੂਅਲ ਸਪੈਸ਼ਲਿਸਟ

* ਲੈਂਡ ਡਵੈਲਪਮੈਂਟ
* ਘਰਾਂ ਦੀ ਮੌਰਗੇਜ
* ਸੈਕਿੰਡ ਮੌਰਗੇਜ
* ਕੰਸਟ੍ਰਕਸ਼ਨ ਮੌਰਗੇਜ
* ਕਮਰਸ਼ੀਅਲ

* Low Income
* Self Employed
* Bad Credit
* New Immigrant
* Land Development
* Second Mortgage

ਮੁਫਤ ਸਲਾਹ ਮਸ਼ਵਰੇ ਲਈ ਹੁਣੇ ਹੀ ਫੋਨ ਕਰੋ



Sukhkaran Bhatty
Cell: 604-765-4023

AMHC ALPHA MORTGAGE HOUSE CORPORATION

#202 - 12830 80 Ave. (York Business Centre) Surrey BC
Ph: 604-501-9837 * Fax: 604-501-9847 * amhc@shawbiz.ca
* Lender/Broker fee may apply.

AMHC ALPHA MORTGAGE HOUSE Corporation

NEED A MORTGAGE ?

ਮੌਰਟਗੇਜ ਦੇ ਮਾਹਿਰ

- Purchase or Refinance
- Residential, Commercial or Industrial
- Construction (Residential or Commercial)
- Private Mortgage ($10,000 to $10 million)
- Debt Consolidation • Self employed or bad credit
- Farm Mortgages



Gurinder S. Toor
Mortgage Consultant

T: 604.501.1022 Fax: 604.501.1021
#202 -12830 80th Ave., Surrey (York Business Center)

NARWAL INJURY LAW

Injured in Washington State? You may have a case.
Free case review with Lawyer Gurjot Narwal.

ਤੁਹਾਡੇ ਵਾਸ਼ਿੰਗਟਨ ਸਟੇਟ ਵਿਚ ਸੱਟ ਲੱਗੀ ਹੈ?
ਤੁਹਾਡਾ ਕੋਲ ਕੇਸ ਹੋਵੇਗਾ, ਤੁਸੀਂ ਵਕੀਲ ਗੁਰਜੋਤ ਨਰਵਾਲ ਨਾਲ ਫਰੀ ਕੇਸ ਰੀਵਿਊ ਕਰ ਸਕਦੇ ਹੋ

Cases receiving compensation may include:
*Car Accident
*Slip and Fall
*Bike Accident
*Construction Accident
*Medical Injury or Accident
*Other Serious Injuries

ਅਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
*ਕਾਰ ਐਕਸੀਡੈਂਟ
*ਸਲਿੱਪ ਐਂਡ ਫਾਲ
*ਬਾਈਕ ਐਕਸੀਡੈਂਟ
*ਕੰਸਟਰਕਸ਼ਨ ਐਕਸੀਡੈਂਟ
*ਮੈਡੀਕਲ ਇਨਜਰੀ ਜਾਂ ਐਕਸੀਡੈਂਟ
*ਹੋਰ ਸੀਰੀਅਸ ਸੱਟਾਂ



Lawyer, Gurjot Narwal
10+ years experience

Bellingham • Seattle • Kent
Redmond • Everett

Contact For a Free Case Review:
360-842-8888
narwal@narwalinjurylaw.com
www.narwalinjurylaw.com



ਅੰਤਰ-ਰਾਸ਼ਟਰੀ ਦਹਿਸ਼ਤਗਰਦੀ ਪਿੱਛੇ ਭਾਰਤ ਦੀ ਸਰਕਾਰੀ ਮਸ਼ੀਨਰੀ

ਕੈਨੇਡਾ ਦੀ ਧਰਤੀ 'ਤੇ ਜਬਰ:ਕੈਨੇਡਾ ਦੇ ਖਿਲਾਫ ਦਿੱਲੀ ਦੀ ਹਵਾਲਗੀ ਮੁਹਿੰਮ ਚੋਣਵੇਂ ਨਿਆਂ 'ਤੇ ਚਿੰਤਾਵਾਂ ਪੈਦਾ ਕਰਦੀ ਹੈ

ਓਟਾਵਾ: ਕੈਨੇਡਾ ਦੀ ਧਰਤੀ 'ਤੇ ਭਾਰਤ ਦੀ ਦਖਲਅੰਦਾਜ਼ੀ ਅਤੇ ਹਿੰਸਾ ਦੇ ਲਗਾਤਾਰ ਦੋਸ਼ਾਂ ਦਰਮਿਆਨ ਕੈਨੇਡਾ ਵੱਲੋਂ ਦੋਸ਼ੀਆਂ ਧੀ ਹਵਾਲਗੀ ਦੀਆਂ ਬੇਨਤੀਆਂ ਦੀ ਭਾਰਤ ਨੇ ਪ੍ਰਵਾਹ ਨਹੀਂ ਕੀਤੀ। ਭਾਰਤ ਦੇ ਇਸ ਰੁੱਖ ਦੀ ਕਾਫੀ ਚਰਚਾ ਹੋ ਰਹੀ ਹੈ। ਭਾਰਤ-ਕੈਨੇਡਾ ਹਵਾਲਗੀ ਸੰਧੀ 1987 ਵਿੱਚ ਲਾਗੂ ਹੋਈ ਸੀ ਅਤੇ ਦੋਸ਼ੀ ਜਾਂ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਆਪਸੀ ਹਵਾਲਗੀ ਲਈ ਇੱਕ ਕਾਨੂੰਨੀ ਢਾਂਚਾ ਪ੍ਰਦਾਨ ਕਰਦੀ ਹੈ।

ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਪਿਛੋਕੜ ਵਿੱਚ ਹਵਾਲਗੀ ਵਿਵਾਦ ਤੇਜ਼ ਹੋ ਗਿਆ ਹੈ। ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਸੰਸਦ ਨੂੰ ਦੱਸਿਆ ਸੀ ਹਰਦੀਪ ਸਿੰਘ ਦੇ ਕਤਲ ਪਿਛੇ ਭਾਰਤੀ ਏਜੰਸੀਆਂ ਦਾ ਹੱਥ ਹੈ। ਕੈਨੇਡੀਅਨ ਸੁਰੱਖਿਆ ਏਜੰਸੀਆਂ ''ਭਾਰਤ ਸਰਕਾਰ ਦੇ ਏਜੰਟਾਂ ਤੇ ਨਜ਼ਰ ਰੱਖ ਰਹੀਆਂ ਹਨ।

ਇਨ੍ਹਾਂ ਦੋਸ਼ਾਂ ਨੇ ਔਟਵਾ ਅਤੇ ਨਵੀਂ ਦਿੱਲੀ ਵਿਚਕਾਰ ਵੱਡਾ ਕੂਟਨੀਤਕ ਸੰਕਟ ਪੈਦਾ ਕਰ ਦਿੱਤਾ। ਭਾਰਤ ਨੇ ਦੋਸ਼ਾਂ ਨੂੰ ਖਾਰਜ ਕੀਤਾ ਹੈ ਅਤੇ ਨਿੱਝਰ ਦੀ ਹੱਤਿਆ ਵਿੱਚ ਸ਼ਾਮਲ ਹੋਣ ਤੋਂ ਵਾਰ-ਵਾਰ ਇਨਕਾਰ ਕੀਤਾ ਹੈ।

ਇਹ ਵਿਵਾਦ ਉਦੋਂ ਤੋਂ ਨਿੱਝਰ ਕੇਸ ਤੋਂ ਅੱਗੇ ਵਧ ਗਿਆ ਹੈ ਜਦੋਂ ਤੋਂ ਕੈਨੇਡਾ ਵੱਲੋਂ ਕਥਿਤ ਤੌਰ 'ਤੇ ਭਾਰਤ-ਅਧਾਰਤ ਨੈਟਵਰਕਾਂ ਨਾਲ ਕਥਿਤ ਤੌਰ 'ਤੇ ਜਬਰੀ ਵਸੂਲੀ, ਧਮਕਾਉਣ ਅਤੇ ਅਪਰਾਧਿਕ ਗਤੀਵਿਧੀਆਂ ਦੇ ਹੋਰ ਰੂਪਾਂ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕੈਨੇਡੀਅਨ ਅਥਾਰਟੀਜ਼ ਨੇ ਕੈਨੇਡੀਅਨ ਕਾਨੂੰਨ ਅਧੀਨ ਅਯੋਗ ਮੰਨੇ ਜਾਣ ਵਾਲੇ ਵਿਅਕਤੀਆਂ ਵਿਰੁੱਧ ਲਾਗੂ ਕਰਨ ਦੀ ਕਾਰਵਾਈ ਜਾਰੀ ਰੱਖੀ ਹੋਈ ਹੈ।

ਦੂਸਰੇ ਪਾਸੇ ਸਿੱਖ ਸਮੂਹਾਂ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲਾਂ ਅਨੁਸਾਰ ਭਾਰਤ ਜਿਨਾ ਦੀ ਹਵਾਲਗੀ ਦੀਆਂ ਮੰਗ ਕਰ ਰਿਹਾ ਹੈ ਉਹ ਵਿਦੇਸ਼ਾਂ ਵਿੱਚ ਰਾਜਨੀਤਿਕ ਵਿਰੋਧੀ ਹਨ। ਭਾਰਤੀ ਅਧਿਕਾਰੀ ਇਹ ਮੰਨਦੇ ਹਨ ਕਿ ਉਨ੍ਹਾਂ ਦੀਆਂ ਬੇਨਤੀਆਂ ਗੰਭੀਰ ਅਪਰਾਧਿਕ ਜਾਂ ਸੁਰੱਖਿਆ-ਸੰਬੰਧੀ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ ਨਾਲ ਸਬੰਧਤ ਹਨ ਅਤੇ ਅਜਿਹੇ ਨੈਟਵਰਕਾਂ ਦੇ ਖਿਲਾਫ ਉਨਾ ਕੈਨੇਡਾ ਤੋਂ ਵਧੇਰੇ ਕਾਰਵਾਈ ਦੀ ਮੰਗ ਕੀਤੀ ਹੈ। ਲਗਾਤਾਰ ਮਤਭੇਦਾਂ ਦੇ ਬਾਵਜੂਦ, ਭਾਰਤ ਅਤੇ ਕੈਨੇਡਾ ਨੇ ਹਾਲ ਹੀ ਵਿੱਚ ਸੁਰੱਖਿਆ ਸਹਿਯੋਗ ਨੂੰ ਮੁੜ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੇ ਸਤੰਬਰ 2026 ਦੇ ਵਿਦੇਸ਼ੀ-ਦਫ਼ਤਰ ਸਲਾਹ-ਮਸ਼ਵਰੇ ਨੇ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ 'ਤੇ ਸਹਿਯੋਗ ਨੂੰ ਉਜਾਗਰ ਕੀਤਾ, ਜਦੋਂ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਹਿੰਸਕ ਕੱਟੜਵਾਦ, ਅੱਤਵਾਦ, ਸੰਗਠਿਤ ਅਪਰਾਧ ਅਤੇ ਜਬਰੀ ਵਸੂਲੀ ਵਿਰੁੱਧ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਸਹਿਮਤੀ ਪ੍ਰਗਟਾਈ ਸੀ। ਇਸ ਲਈ ਨਿੱਝਰ ਦੀ ਹੱਤਿਆ ਦੇ ਆਲੇ ਦੁਆਲੇ ਪ੍ਰਤੀਯੋਗੀ ਹਵਾਲਗੀ ਦੀਆਂ ਮੰਗਾਂ ਅਤੇ ਅਣਸੁਲਝੇ ਦੋਸ਼ ਭਾਰਤ-ਕੈਨੇਡਾ ਸੁਰੱਖਿਆ ਸਹਿਯੋਗ ਦੀ ਇੱਕ ਵੱਡੀ ਪ੍ਰੀਖਿਆ ਬਣੇ ਹੋਏ ਹਨ, ਜਿਸ ਵਿੱਚ ਅੰਤਰਰਾਸ਼ਟਰੀ ਦਮਨ, ਜਵਾਬਦੇਹੀ ਅਤੇ ਦੁਵੱਲੇ ਸਬੰਧਾਂ ਨੂੰ ਆਕਾਰ ਦੇਣ ਲਈ ਲਗਾਤਾਰ ਸਿਆਸੀ ਆਵਾਜ਼ਾਂ ਦੀ ਸੁਰੱਖਿਆ ਦੇ ਸਵਾਲ ਹਨ।

"ਸਿਰਫ਼ ਇਸ ਲਈ ਕਿਉਂਕਿ ਅਸੀਂ ਮੁਸਲਮਾਨ ਹਾਂ" ਕੋਲਕਾਤਾ ਵਿੱਚ ਅਲੀਯਾਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਜੇਹਾਦੀ ਕਹਿ ਕੇ ਕੁੱਟਿਆ

ਕੋਲਕਾਤਾ: ਅਲੀਯਾਹ ਯੂਨੀਵਰਸਿਟੀ ਦੇ ਤਿੰਨ ਵਿਦਿਆਰਥੀਆਂ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ ਕੋਲਕਾਤਾ ਦੀ ਇੱਕ ਗਲੀ 'ਤੇ ਨਿਸ਼ਾਨਾ ਬਣਾ ਕੇ ਇਸਲਾਮੋਫੋਬਿਕ ਹਮਲੇ ਦੇ ਮਾਮਲੇ ਵਿੱਚ ਕੁੱਟਿਆ ਗਿਆ, ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਅਤੇ 'ਜੰਗੀ-ਜੇਹਾਦੀ' ਕਿਹਾ ਗਿਆ।

ਇਹ ਘਟਨਾ ਉਦੋਂ ਵਾਪਰੀ ਜਦੋਂ ਇਸਲਾਮਿਕ ਥੀਓਲੋਜੀ ਵਿਭਾਗ ਦੇ ਵਿਦਿਆਰਥੀ ਮੁਹੰਮਦ ਆਸ਼ਿਕ ਬਿੱਲਾਹ (24), ਮੋਇੱਜੇਮ ਹੁਸੈਨ (23) ਅਤੇ ਹਸਨੂਰ ਜਮਾਨ (24) ਅਲੀਯਾਹ ਯੂਨੀਵਰਸਿਟੀ ਦੇ ਤਾਲਤਾਲਾ ਕੈਂਪਸ ਵਿੱਚ ਕਲਾਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਿਆਲਦਾਹ ਰੇਲਵੇ ਸਟੇਸ਼ਨ ਵੱਲ ਪੈਦਲ ਜਾ ਰਹੇ ਸਨ।

35-40 ਸਾਲ ਦੇ ਲਗਭਗ ਉਮਰ ਦੇ ਆਦਮੀ, ਜੋ ਕਾਲੇ-ਚਿੱਟੇ ਸਕੂਟੀ 'ਤੇ ਆਏ ਸਨ ਅਤੇ ਆਪਣੇ ਮੱਥੇ 'ਤੇ ਭਗਵਾ ਤਿਲਕ ਲਗਾਇਆ ਹੋਇਆ ਸੀ, ਨੇ ਲੈਨਿਨ ਸਰਨੀ ਰੋਡ 'ਤੇ ਜੀਡੀ ਹਸਪਤਾਲ ਦੇ ਨੇੜੇ ਉਨ੍ਹਾਂ ਦਾ ਰਸਤਾ ਰੋਕਿਆ, ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਤਵੀ''ਦੁਰਭਾਵਨਾਵਾਂ ਨੇ ਫਿਰਕੂ ਝੜਪ ਭੜਕਾਉਣ ਦੀ ਕੋਸ਼ਿਸ਼ ਕੀਤੀ।

ਉਹ ਸਾਨੂੰ ਜਿਹਾਦੀ ਕਹਿੰਦੇ ਰਹੇ ਅਤੇ ਹਿੰਦੀ ਵਿੱਚ ਗਾਲਾਂ ਕੱਢਦੇ ਰਹੇ। ਉਨ੍ਹਾਂ ਨੇ ਸਾਡੇ ਵੱਲ ਦੇਖਿਆ, ਸਾਡੀ ਦਾੜ੍ਹੀ ਅਤੇ ਟੋਪੀ ਨੂੰ ਦੇਖਿਆ ਅਤੇ ਸਾਨੂੰ ਜਿਹਾਦੀ ਕਿਹਾ,'' ਪੀੜਤ ਆਸ਼ਿਕ ਬਿੱਲਾਹ ਨੇ ਕਿਹਾ। ਵਿਦਿਆਰਥੀਆਂ ਨੇ ਪਜਾਮਾ, ਕੁੜਤਾ ਅਤੇ ਟੋਪੀ ਪਾਈ ਹੋਈ ਸੀ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location:
346 8140 128th St
(Payal Bus. Centre)
Surrey BC
Ph: 778-565-5000
Flagship Location:
6612 Main St.
Vancouver BC
Ph: 604-327-8711
BhartiJewellers.com

Seattle Dream Production
Best Movie Maker & D.J

ਵਿਆਹ ਸ਼ਾਦੀ, ਜਨਮ ਪਾਰਟੀ, ਐਨਵਰਸਰੀ ਜਾਂ ਛੋਟੀ ਵੱਡੀ ਕਿਸੇ ਵੀ ਤਰਾਂ ਦੀ ਪਾਰਟੀ ਵਾਸਤੇ ਫੋਨ ਕਰੋ
ਸੀਤਲ ਸਿੰਘ ਕੰਦੋਲਾ
206-271-7773
425-747-7777

NANAK KITCHEN CABINETS
For latest designs and best deals in kitchen cabinets.

ਨਵੇਂ ਘਰਾਂ ਅਤੇ ਰੈਨੋਵੇਸ਼ਨ ਦੇ ਸਾਰੇ ਕਿਚਨ ਕੈਬਨਿਟ ਦੇ ਕੰਮਾਂ ਲਈ
- ਵਧੀਆ ਡੀਜ਼ਾਈਨ ਅਤੇ ਵਾਜਿਬ ਰੇਟ
- ਤਸੱਲੀਬਖਸ਼ ਕੰਮ ਅਤੇ ਵਧੀਆ ਸਰਵਿਸ
- ਆਧੁਨਿਕ ਡੀਜ਼ਾਈਨ ਅਤੇ ਆਕਰਸ਼ਿਕ ਰੇਂਜ਼
Gurpreet Singh: 778-863-4674
Gurwinder Singh: 647-675-7854
Email:nanakkitchencabinets@gmail.com
www.nanakkitchencabinets.com
#110-8310-130 St, Surrey, BC V3W8J9 PH:604-503-5554

The Kirei Sales
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

ਸਾਊਦੀ ਅਰਬ 'ਚ ਫ਼ੌਜਾਂ ਦੀ ਤਾਇਨਾਤੀ ਲਈ ਪਾਕਿ ਤੇ ਤੁਰਕੀ ਸਹਿਮਤ

ਇਸਲਾਮਾਬਾਦ:-ਪਾਕਿਸਤਾਨ ਤੇ ਤੁਰਕੀ ਖਾੜੀ ਮੁਲਕਾਂ ਉੱਤੇ ਹੂਤੀ ਹਮਲਿਆਂ ਦਰਮਿਆਨ ਤਿੰਨ ਧਿਰੀ ਰੱਖਿਆ ਸਮਝੌਤੇ ਤਹਿਤ ਸਾਊਦੀ ਅਰਬ ਵਿੱਚ ਆਪਣੇ ਸਲਾਮਤੀ ਦਸਤੇ ਤਾਇਨਾਤ ਕਰਨ ਲਈ ਸਹਿਮਤ ਹੋ ਗਏ ਹਨ। ਸਾਂਝੇ ਬਿਆਨ ਮੁਤਾਬਕ ਤਿੰਨਾਂ ਮੁਲਕਾਂ ਨੇ ਖੇਤਰੀ ਮੁੱਦਿਆਂ ਅਤੇ ਸਾਊਦੀ ਅਰਬ ਨੂੰ ਦਰਪੇਸ਼ ਖ਼ਤਰਿਆਂ ਨੂੰ ਮੁਖ਼ਾਤਿਬ ਹੋਣ ਲਈ ਸੋਮਵਾਰ ਨੂੰ ਰਿਆਧ ਵਿੱਚ 'ਮੱਕਾ ਅਲਾਇੰਸ ਫਾਰ ਡਿਫੈਂਸ' ਦੀ ਰਣਨੀਤਕ ਰਾਜਨੀਤਕ ਅਤੇ ਰੱਖਿਆ ਕਮੇਟੀ (ਐੱਸ ਪੀ ਡੀ ਸੀ) ਦੀ ਹੰਗਾਮੀ ਮੀਟਿੰਗ ਸੱਦੀ ਸੀ। ਪਾਕਿਸਤਾਨ, ਸਾਊਦੀ ਅਰਬ ਅਤੇ ਤੁਰਕੀ ਨੇ ਅਗਸਤ ਵਿੱਚ ਤਿੰਨ ਧਿਰੀ ਰੱਖਿਆ ਸਮਝੌਤਾ ਸਹੀਬੰਦ ਕੀਤਾ ਸੀ, ਜਿਸ ਦਾ ਮੁੱਖ ਮਕਸਦ ਬਾਹਰੀ ਹਮਲੇ ਦੇ ਟਾਕਰੇ ਲਈ ਚੌਖਟਾ ਕਾਇਮ ਕਰਨਾ ਸੀ। ਸਮਝੌਤੇ ਤਹਿਤ ਤੈਅ ਕੀਤਾ ਗਿਆ ਕਿ ਉਨ੍ਹਾਂ ਵਿੱਚੋਂ ਕਿਸੇ ਵੀ ਇੱਕ ਮੁਲਕ 'ਤੇ ਹਥਿਆਰਬੰਦ ਹਮਲੇ ਨੂੰ ਸਾਰਿਆਂ 'ਤੇ ਹਮਲਾ ਮੰਨਿਆ ਜਾਵੇਗਾ।

ਕੈਨੇਡੀਅਨ ਲੇਖਕਾ ਨੇ ਜਿੱਤਿਆ ਸਾਹਿਤ ਦਾ ਨੋਬਲ ਪ੍ਰਾਈਜ਼



ਆਟਵਾ:-ਦੁਨੀਆਂ ਦਾ ਸਭ ਤੋਂ ਵਕਾਰੀ 'ਨੋਬਲ ਪ੍ਰਾਈਜ਼' 1901 ਵਿੱਚ ਸ਼ੁਰੂ ਕੀਤਾ ਗਿਆ ।ਇਹ ਇਨਾਮ ਇਸ ਵਾਰ ਕਨੇਡਾ ਦੀ ਲੇਖਕ ਐਨਕਾਰਸਨ ਨੂੰ ਮਿਲਿਆ ਹੈ। ਐਨਕਾਰਸਨ 70 ਸਾਲਾ ਦੀ ਔਰਤ ਪਾਰਕਿੰਸਨ ਬਿਮਾਰੀ ਤੋਂ ਪੀੜਤ ਹੈ ਪਰ ਫਿਰ ਵੀ ਉਸ ਦੀਆਂ ਲਿਖਤਾਂ ਨੂੰ ਸੰਸਾਰ ਪੱਧਰ ਤੇ ਸਲਾਹਿਆ ਗਿਆ। 20 ਤੋਂ ਵੱਧ ਕਿਤਾਬਾਂ ਦੀ ਲੇਖਕ ਜਿਨਾਂ ਵਿੱਚੋਂ ਕਈ ਕਿਤਾਬਾਂ ਉੱਪਰ ਨਾਟਕ ਵੀ ਬਣੇ ਹੋਏ ਹਨ। ਉਸ ਨੂੰ ਕਈ ਸਾਹਿਤਕ ਇਨਾਮ ਪਹਿਲਾਂ ਵੀ ਮਿਲੇ ਹੋਏ ਹਨ। ਉਸ ਦੁਆਰਾ ਯੂਨਾਨੀ ਕਲਾਸੀ ਕਲ ਰਚਨਾਵਾਂ ਦੇ ਅਨੁਵਾਦ ਵੀ ਆਪਣੇ ਆਪ ਵਿੱਚ ਵੱਖਰੀ ਸਾਹਿਤਕ ਕਿਰਤ ਦਾ ਸਥਾਨ ਰੱਖਦੇ ਹਨ। ਉਸ ਦੀ ਸਭ ਤੋਂ ਵੱਧ ਜ਼ਿਕਰਯੋਗ ਰਚਨਾ 'ਬਿਊਟੀ ਆਫ ਦੀ ਹਸਬੈਂਡ' ਹੈ ਜਿਹੜੀ ਕਿ ਅਸਫਲ ਵਿਆਹ ਬਾਰੇ ਇਕ ਦਰਦਨਾਕ ਅਤੇ ਦਿਲ ਨੂੰ ਛੂਹਣ ਵਾਲੀ ਵਰਤਾਂਤਿਕ ਕਵਿਤਾ ਹੈ ।ਬੁੱਧੀਮਾਨੀ ਕਲਪਨਾ ਅਤੇ ਆਪਣੀ ਇੱਕ ਅਲੱਗ ਸ਼ੈਲੀ ਨਾਲ ਕਨੇਡੀਅਨ ਕਵਿਤਰੀ ਐਨਕਾਰਸਨ ਨੇ ਕਲਾਸੀਕਲ ਰਚਨਾਵਾਂ ਦੀ ਨਵੇਂ ਸਿਰੇ ਤੋਂ ਕਲਪਨਾ ਕੀਤੀ ਹੈ। ਕਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਪੁਰਾਤਨ ਕਹਾਣੀਆਂ ਨੂੰ ਨਵੀ ਪੀੜ੍ਹੀ ਤੱਕ ਲੈ ਕੇ ਗਈ ਹੈ ਅਤੇ ਸਾਹਿਤ ਬਾਰੇ ਸਾਡੇ ਸੋਚਣ ਦੇ ਤਰੀਕੇ ਨੂੰ ਬਦਲ ਦਿੱਤਾ ਹੈ।ਪ੍ਰਧਾਨ ਮੰਤਰੀ ਕਾਰਨੀ ਨਟ ਕੈਨੇਡਾ ਇਸ ਨੂੰ ਬਹੁਤ ਮਾਣ ਵਾਲੀ ਗੱਲ ਕਿਹਾ ਹੈ। ਅਦਾਰਾ ਪੰਜਾਬ ਗਾਰਡੀਅਨ ਇਸ ਪ੍ਰਾਪਤੀ ਕੈਨੇਡਾ ਨਿਵਾਸੀਆਂ ਅਤੇ ਲੇਖਕਾ ਐਨ ਕਾਰਸਨ ਨੂੰ ਵਧਾਈ ਦਿੰਦਾ ਹੈ।



Sunsine Appliances Repair

ਅਸੀਂ ਸਟੋਵ, ਫਰਿੱਜ, ਵਾਸ਼ਰ, ਡਰਾਇਰ, ਡਿਸ਼ ਵਾਸ਼ਰ, ਗੈਸ, ਐਪਲਾਂਸੀਜ਼, ਓਵਨ, ਵੈਕਿਊਮ ਅਤੇ ਹਰ ਤਰ੍ਹਾਂ ਦੇ ਐਪਲਾਂਸੀਜ਼ ਸਸਤੇ ਭਾਵਾਂ ਤੇ ਮੁਰੰਮਤ ਕਰਦੇ ਹਾਂ।



Call Jag (Certified Technician) :

604-765-8979 Best Rates

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S&S Jewellers Ltd.



Specializing in:
22Kt & 24Kt
- Ready Made & Custom Made
- Jewellery, Repairs
- Lucky Birth Stones,
- Appraisals



Authorized Dealer
20% OFF
SEIKO, PULSAR
ALL Watches
(3 Yrs Limited Warranty)

SURJIT S. KANDA

604-582-5849

9269 - 120th St. Delta BC V4C 6R8

SHUDH VAISHNU DHABA

Every Dish Crafted with 100% Desi Ghee for Authentic Flavour



ਸ਼ੁੱਧ ਦੇਸੀ ਘਿਓ ਤੋਂ ਤਿਆਰ ਖਾਣਿਆਂ ਦਾ ਆਨੰਦ ਮਾਣੋ

WE PROVIDE CATERING SERVICE

OPEN 7 DAYS A WEEK:
10.30 AM TO 3AM



Online Ordering Delivery

www.shudhvaishnudhaba.com

Contact : 604-496-7495

10209 King George Blvd, Surrey

ਹਿੰਦੂਤਵ ਦਾ ਜ਼ਹਿਰ ਪੈਰਿਸ ਪਹੁੰਚ ਗਿਆ:ਮਨੁੱਖਤਾ ਵਾਦੀਆਂ ਵੱਲੋਂ ਇਨ੍ਹਾਂ ਨੂੰ ਰੋਕਣ ਦੀ ਮੰਗ

ਪੈਰਿਸ: ਹਿੰਦੂ ਕੱਟੜਵਾਦ ਦਾ ਜ਼ਹਿਰ ਹੁਣ ਉਪ-ਮਹਾਂਦੀਪ ਤੱਕ ਸੀਮਤ ਨਹੀਂ ਰਿਹਾ ਕਿਉਂਕਿ ਇਹ ਫਰਾਂਸ ਦੀਆਂ ਗਲੀਆਂ ਵਿੱਚ ਫੈਲ ਰਿਹਾ ਹੈ, ਆਜ਼ਾਦੀ, ਈਗਲਿਟੀ, ਭਾਈਚਾਰੇ ਦੀਆਂ ਨੀਹਾਂ ਨੂੰ ਢਾਹ ਰਿਹਾ ਹੈ।ਫਰਾਂਸ ਵਿੱਚ ਹਿੰਦੂ ਕੱਟੜਵਾਦ ਦੇ ਉਭਾਰ 'ਤੇ ਇੱਕ ਜਨਤਕ ਮੀਟਿੰਗ, ਜੋ ਕਿ ਇੰਡੀਅਨ ਅਲਾਇੰਸ ਪੈਰਿਸ ਦੁਆਰਾ ਹੋਰ ਸੰਗਠਨਾ ਨਾਲ ਮਿਲ ਕੇ ਪੈਰਿਸ ਵਿੱਚ ਬੁਲਾਈ ਗਈ ਸੀ, ਨੇ ਇਸ ਸਬੰਧ ਵਿੱਚ ਚੇਤਾਵਨੀ ਦਿੱਤੀ।ਮੀਟਿੰਗ ਵਿੱਚ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਸ਼੍ਰੀਲੰਕਾ ਅਤੇ ਤਾਮਿਲ ਭਾਈਚਾਰਿਆਂ ਦੇ ਲਗਭਗ 50 ਭਾਗੀਦਾਰਾਂ ਨੇ ਸ਼ਿਰਕਤ ਕੀਤੀ। ਬੁਲਾਰਿਆਂ ਨੇ ਕਿਹਾ ਕਿ ਮੋਦੀ ਦਾ ਹਿੰਦੂਤਵ ਸਿਧਾਂਤ, ਜੋ ਕਿ ਆਰ.ਐੈਸ.ਐੈਸ ਦੁਆਰਾ ਸੰਰਚਿਤ ਅਤੇ ਰਾਜ ਵਿਚਾਰਧਾਰਾ ਵਜੋਂ ਲਾਗੂ ਕੀਤਾ ਗਿਆ ਹੈ, ਡਾਇਸਪੋਰਾ ਨੈਟਵਰਕ ਅਤੇ ਸੰਬੰਧਿਤ ਸੰਪਰਦਾਵਾਂ ਰਾਹੀਂ ਸਰਹੱਦਾਂ ਪਾਰ ਕਰ ਗਿਆ ਹੈ ਅਤੇ ਸੱਜੇ-ਪੱਖੀ ਹਿੰਦੂ ਤਾਕਤਾਂ ਅੰਤਰਰਾਸ਼ਟਰੀ ਪੱਧਰ 'ਤੇ ਤਾਲਮੇਲ ਬਣਾ ਰਹੀਆਂ ਹਨ, ਪੂਰੇ ਯੂਰਪ ਵਿੱਚ ਆਰ.ਐੈਸ.ਐੈਸ ਨਾਲ ਜੁੜੇ ਪ੍ਰਭਾਵ ਨੂੰ ਵਧਾ ਰਹੀਆਂ ਹਨ ਅਤੇ ਤਾਨਾਸ਼ਾਹੀ ਰਾਸ਼ਟਰਵਾਦ ਅਤੇ ਪ੍ਰਵਾਸੀ ਵਿਰੋਧੀ ਨਸਲਵਾਦ ਨਾਲ ਮਿਲ ਰਹੀਆਂ ਹਨ। ਇੱਕ ਪਰੇਸ਼ਾਨ ਕਰਨ ਵਾਲੀ ਘਟਨਾ ਦਾ ਹਵਾਲਾ ਦਿੰਦੇ ਹੋਏ, ਭਾਗੀਦਾਰਾਂ ਨੇ ਕਿਹਾ ਕਿ ਮੰਦਰ ਦੇ ਸਮਾਗਮਾਂ ਨਾਲ ਜੁੜੇ ਇੱਕ ਹਿੰਦੂ ਧਾਰਮਿਕ ਵਫ਼ਦ ਨੇ ਆਈਫਲ ਟਾਵਰ ਦਾ ਦੌਰਾ ਕੀਤਾ ਜਿੱਥੇ ਮਹਿਲਾ ਸਟਾਫ ਨੂੰ ਆਪਣੀਆਂ ਅਸਾਮੀਆਂ ਛੱਡਣ ਦਾ ਹੁਕਮ ਦਿੱਤਾ ਗਿਆ ਸੀ ਤਾਂ ਜੋ ਸਮੂਹ ਔਰਤਾਂ ਨਾਲ ਗੱਲਬਾਤ ਕੀਤੇ ਬਿਨਾਂ ਅੱਗੇ ਵਧ ਸਕੇ। ਅਪਮਾਨ ਇੰਨਾ ਸਖ਼ਤ ਸੀ ਕਿ ਟਾਵਰ ਵਰਕਰਾਂ ਨੇ ਹੜਤਾਲ ਕਰ ਦਿੱਤੀ, ਸਮਾਰਕ ਨੂੰ ਬੰਦ ਕਰ ਦਿੱਤਾ।



"ਇਹ ਹਿੰਦੂ ਕੱਟੜਪੰਥੀ ਦਾ ਠੋਸ ਚਿਹਰਾ ਹੈ ਜੋ ਸਾਹਮਣੇਂ ਆਇਆ। ਉਨਾ ਕਿਹਾ ਕਿ ਸਮਾਜਿਕ ਤੌਰ 'ਤੇ ਭਾਰਤੀ ਡਾਇਸਪੋਰਾ ਨੂੰ ਹਿੰਦੂਤਵ ਲਈ ਇੱਕ ਟ੍ਰਾਂਸਮਿਸ਼ਨ ਬੈਲਟ ਵਜੋਂ ਲਾਮਬੰਦ ਕੀਤਾ ਜਾ ਰਿਹਾ ਹੈ, ਭਾਈਚਾਰਿਆਂ ਨੂੰ ਵੰਡ ਰਿਹਾ ਹੈ।

ਹਿੰਦੂਤਵ ਭਾਰਤ ਦੀਆਂ ਸਰਹੱਦਾਂ ਤੱਕ ਨਹੀਂ ਰੁਕਦਾ, ਇਹ ਪੈਰਿਸ ਵਿੱਚ ਆ ਗਿਆ ਹੈ ਅਤੇ ਯੂਰਪ ਨੂੰ ਲੋਕਤੰਤਰੀ ਨਿਯਮਾਂ ਨੂੰ ਹੋਰ ਕਮਜ਼ੋਰ ਕਰਨ ਤੋਂ ਪਹਿਲਾਂ ਇਸਦਾ ਸਾਹਮਣਾ ਕਰਨਾ ਚਾਹੀਦਾ ਹੈ।ਮੀਟਿੰਗ ਵਿੱਚ ਯੂਨੀਅਨਾਂ ਅਤੇ ਸਿਵਲ ਸਮਾਜ ਤੋਂ ਆਰ.ਐੈਸ.ਐੈਸ ਦੇ ਸਾਂਝੇ ਵਿਰੋਧ ਦੀ ਮੰਗ ਕੀਤੀ।

ਰਾਜਧਾਨੀ 'ਚ 26 ਹਜ਼ਾਰ ਨੀਮ ਫੌਜੀ ਤਾਇਨਾਤ

ਨਵੀਂ ਦਿੱਲੀ -ਵੋਟ ਚੋਰੀ ਖਿਲਾਫ ਧਰਨਿਆਂ ਨਾਲ ਨਜਿੱਠਣ ਲਈ ਕੌਮੀ ਰਾਜਧਾਨੀ ਵਿੱਚ ਕੇਂਦਰੀ ਹਥਿਆਰਬੰਦ ਪੁਲਸ ਬਲ ਅਤੇ ਅਰਧ ਸੈਨਿਕ ਬਲ ਦੇ 26 ਹਜ਼ਾਰ ਜਵਾਨ ਤਾਇਨਾਤ ਕੀਤੇ ਜਾ ਰਹੇ ਹਨ । ਇਹ ਵੱਡੀ ਪੱਧਰ 'ਤੇ ਲਾਮਬੰਦੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਰਾਜਧਾਨੀ ਵਿੱਚ 11,000 ਵਾਧੂ ਸੈਨਿਕਾਂ ਨੂੰ ਭੇਜਣ ਦੇ ਆਦੇਸ਼ ਤੋਂ ਬਾਅਦ ਕੀਤੀ ਗਈ ਹੈ । ਇਸ ਵਾਧੂ ਤਾਇਨਾਤੀ ਨਾਲ, ਦਿੱਲੀ ਵਿੱਚ ਕੇਂਦਰੀ ਬਲ ਦੇ ਜਵਾਨਾਂ ਦੀ ਕੁੱਲ ਗਿਣਤੀ ਲਗਪਗ 26,000 ਹੋ ਜਾਵੇਗੀ, ਜੋ ਕਿ 2020 ਵਿੱਚ ਉੱਤਰ-ਪੂਰਬੀ ਦਿੱਲੀ ਦੀ ਹਿੰਸਾ ਤੋਂ ਬਾਅਦ ਸਭ ਤੋਂ ਵੱਧ ਤਾਇਨਾਤੀਆਂ ਵਿੱਚੋਂ ਇੱਕ ਹੈ । ਘੱਟੋ-ਘੱਟ ਪੰਜ ਖਾਸ ਸਿਰਫ ਔਰਤਾਂ ਵਾਲੀਆਂ ਕੰਪਨੀਆਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਪ੍ਰਦਰਸ਼ਨਕਾਰੀਆਂ ਦਾ ਇੱਕ ਵੱਡਾ ਹਿੱਸਾ ਔਰਤਾਂ ਦਾ ਹੋਵੇਗਾ । ਜਵਾਨ ਛੱਤੀਸਗੜ੍ਹ ਅਤੇ ਜੰਮੂ-ਕਸ਼ਮੀਰ ਤੋਂ ਮੰਗਵਾਏ ਜਾ ਰਹੇ ਹਨ ।

ਲੈਂਗਲੀ ਵਿੱਚ ਪੰਜਾਬੀ ਨੌਜਵਾਨ ਦੀ ਹੱਤਿਆ

ਲੈਂਗਲੀ:-ਨੇੜਲੇ ਸ਼ਹਿਰ ਲੈਂਗਲੀ 'ਚ ਪੰਜਾਬੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਉਸ ਦੀ ਹਾਲੇ ਪਛਾਣ ਜਾਰੀ ਨਹੀਂ ਕੀਤੀ ਪਰ ਸੂਤਰਾਂ ਮੁਤਾਬਕ ਉਸ ਦਾ ਨਾਮ ਜੀਵਨ ਜੌਹਲ (23) ਹੈ। ਲੈਂਗਲੀ ਪੁਲੀਸ ਨੇ ਦੱਸਿਆ ਕਿ ਬੀਤੀ ਰਾਤ ਉਨਾਂ ਨੂੰ 200 ਸਟਰੀਟ ਅਤੇ 60 ਐਵੇਨਿਊ ਸਥਿਤ ਪਲਾਜ਼ੇ 'ਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ। ਉਹ ਜਦੋਂ ਮੌਕੇ 'ਤੇ ਪਹੁੰਚੇ ਤਾਂ ਉੱਥੇ ਇੱਕ ਮਹਿੰਗੀ ਕਾਰ ਵਿੱਚ ਗੋਲੀਆਂ ਨਾਲ ਜ਼ਖ਼ਮੀ ਨੌਜਵਾਨ ਤੜਫ ਰਿਹਾ ਸੀ। ਉਸ ਦੀ ਜਾਨ ਬਚਾਉਣ ਦੇ ਯਤਨ ਕੀਤੇ ਗਏ ਪਰ ਇਲਾਜ ਦੌਰਾਨ ਉਹ ਦਮ ਤੋੜ ਗਿਆ। ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ 75 ਐਵੇਨਿਊ ਅਤੇ 232 ਸਟਰੀਟ 'ਤੇ ਕਾਰ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਜੋ ਕਾਤਲਾਂ ਦੀ ਕਾਰਵਾਈ ਮੰਨੀ ਜਾ ਸਕਦੀ ਹੈ ਕਿਉਂਕਿ ਇਹ ਢੰਗ ਅਕਸਰ ਬਦਮਾਸ਼ਾਂ ਵੱਲੋਂ ਵੱਡੀ ਕਾਰਵਾਈ ਕਰਨ ਤੋਂ ਬਾਅਦ ਸਬੂਤ ਮਿਟਾਉਣ ਲਈ ਅਪਣਾਇਆ ਜਾਂਦਾ ਹੈ। ਉੱਧਰ, ਵਿਨੀਪੈੱਗ ਨੇੜੇ ਪੁਲੀਸ ਨੇ ਦੋ ਪੰਜਾਬੀਆਂ ਰਵਿੰਦਰ ਚਾਹਲ (48) ਅਤੇ ਕੁਲਵਿੰਦਰ ਚਾਹਲ (38) ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਤੋਂ ਹਥਿਆਰਾਂ ਅਤੇ ਕਾਰਤੂਸਾਂ ਦੀ ਵੱਡੀ ਖੇਪ ਤੇ ਨਗ਼ਦੀ ਬਰਾਮਦ ਕੀਤੀ ਹੈ। ਪੁਲੀਸ ਨੇ ਦੱਸਿਆ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਵੈਸਟ ਸੇਂਟ ਪਾਸ ਕਸਬੇ 'ਚ ਸਥਿਤ ਘਰ ਦੀ ਤਲਾਸ਼ੀ ਲਈ ਗਈ ਤਾਂ ਉੱਥੋਂ 13 ਮਾਰੂ ਹਥਿਆਰ, 2 ਹਜ਼ਾਰ ਕਾਰਤੂਸ, 20 ਹਜ਼ਾਰ ਡਾਲਰ ਨਗਦ ਅਤੇ ਕਈ ਤਰ੍ਹਾਂ ਦਾ ਹੋਰ ਗ਼ੈਰ-ਕਾਨੂੰਨੀ ਸਾਮਾਨ ਬਰਾਮਦ ਕੀਤਾ ਗਿਆ। ਪੁਲੀਸ ਨੇ ਉਨ੍ਹਾਂ 'ਤੇ 23 ਜੁਰਮ ਆਇਦ ਕੀਤੇ ਹਨ।

ਇਰਾਨ ਜੰਗ 'ਚ ਅਮਰੀਕਾ ਦੇ ਘੱਟੋ-ਘੱਟ 81 ਫੌਜੀ ਜਹਾਜ਼ ਤੇ ਡਰੋਨ ਤਬਾਹ ਜਾਂ ਨੁਕਸਾਨੇ ਗਏ:ਰਿਪੋਰਟ

ਵਾਸ਼ਿੰਗਟਨ:ਕਾਂਗਰੈਸ਼ਨਲ ਰਿਸਰਚ ਸਰਵਿਸ' ਦੀ ਇਸ ਹਫ਼ਤੇ ਅਪਡੇਟ ਕੀਤੀ ਗਈ ਰਿਪੋਰਟ ਮੁਤਾਬਕ, ਇਰਾਨ ਨਾਲ ਚੱਲ ਰਹੀ ਜੰਗ ਦੌਰਾਨ ਘੱਟੋ-ਘੱਟ 81 ਅਮਰੀਕੀ ਫੌਜੀ ਜਹਾਜ਼ ਅਤੇ ਡਰੋਨ ਨੁਕਸਾਨੇ ਗਏ ਹਨ ਜਾਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। ਇਨ੍ਹਾਂ ਵਿੱਚ ਇਰਾਨ 'ਚ ਦੋ ਅਮਰੀਕੀ ਪਾਇਲਟਾਂ ਨੂੰ ਬਚਾਉਣ ਲਈ ਚਲਾਏ ਗਏ ਮਿਸ਼ਨ ਦੌਰਾਨ ਤਬਾਹ ਹੋਏ ਜਹਾਜ਼ ਵੀ ਸ਼ਾਮਲ ਹਨ, ਜਿਨ੍ਹਾਂ ਦੀ ਪੁਸ਼ਟੀ ਅਮਰੀਕੀ ਫੌਜ ਪਹਿਲਾਂ ਹੀ ਜਨਤਕ ਤੌਰ 'ਤੇ ਕਰ ਚੁੱਕੀ ਹੈ। ਇਸ ਤੋਂ ਇਲਾਵਾ ਸੂਚੀ ਵਿੱਚ ਉਹ ਦਰਜਨਾਂ ਡਰੋਨ ਵੀ ਸ਼ਾਮਲ ਹਨ, ਜਿਨ੍ਹਾਂ ਬਾਰੇ ਫੌਜ ਨੇ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।



SUKHINDER S. GILL CHS, EPC M.SC. B.Ed

Your Expert Advisor For
* Life Insurance
* Critical Illness Insurance
* Accident, Sickness & Disability
* Mortgage Protection Insurance
* R.R.S.P. / TFSA
* Children Insurance Plan

ਟਰੱਕ ਅਤੇ ਟੈਕਸੀ ਚਲਾਉਣ ਵਾਲਿਆਂ ਦੀ ਡਿਸੇਬਿਲਟੀ ਇੰਸ਼ੋਰੈਂਸ ਵੀ ਕਰਦੇ ਹਾਂ।

ਸੁਖਿੰਦਰ ਸਿੰਘ ਗਿੱਲ
1999 ਤੋਂ ਭਾਈਚਾਰੇ ਦੀ ਸੇਵਾ ਵਿੱਚ

ਹਰ ਪ੍ਰਕਾਰ ਦੀ ਇੰਸ਼ੋਰੈਂਸ ਬਹੁਤ ਹੀ ਵਾਜਬ ਰੇਟ ਤੇ ਕੀਤੀ ਜਾਂਦੀ ਹੈ। ਸਾਡੇ ਨਾਲ ਸੰਪਰਕ ਕਰੋ
604-724-4700 sukhindergill@gmail.com

VP Accounts & Taxes
23812-104th Ave SE Kent, WA 98031-3314 USA
Income Tax Service, E-File, Notary Public, Finger Printing, Photo Copy, Passport & Immigration Photos, Translation, Immigration Petitions and other Paper work.



Fax, Recieve or Send anywhere
Fax: 253-859-5556
206-444-4407
www.VpTaxService.com

*ਕਮਰਸ਼ੀਅਲ *ਰੈਜੀਡੈਂਸ਼ੀਅਲ *ਇੰਡਸਟਰੀਅਲ
AccurateRailing & AWNING LTD
* Aluminum Handrail * Driveway Power Gates *Aluminium Railing
* Awnings & Patio Covers *Gates/Fences *Sunrooms
*Stairs Railing *Glass Railing *Security Bars
ਤਸੱਲੀਬਖਸ਼ ਸੇਵਾਵਾਂ ਅਤੇ ਵਧੀਆ ਰੇਟ



For more information call:
Jagtar:604-961-8767 Avtar:604-866-1432
Unit # 126, 130 - 12639 - 80th Avenue, Surrey

Healthcare/Medical Programs
Study @ Home and Get Certified.
Overseas degrees given credit
Specially designed for working people.
Medical Assistant Phlebotomy Tech
ROYAL COLLEGE
206-575-7961
(By Appointment Only)
1035 Andover Park W. Ste 210, Tukwila, WA
www.royalcollegeusa.com, Email:rcmt2000@hotmail.com

ਭਾਰਤ-ਅਮਰੀਕਾ ਵਪਾਰ ਗੱਲਬਾਤ ਰੁਕੀ:ਨਿਰਮਲਾ ਸੀਤਾਰਮਨ

ਨਵੀਂ ਦਿੱਲੀ:ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਵੀਕਾਰ ਕੀਤਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਸਬੰਧੀ ਗੱਲਬਾਤ ਕਈ ਮਹੀਨਿਆਂ ਤੋਂ ਜਾਰੀ ਰਹਿਣ ਦੇ ਬਾਵਜੂਦ ਰੁਕ ਗਈ ਹੈ। ਸੀਤਾਰਮਨ ਨੇ ਨਵੀਂ ਦਿੱਲੀ ਵਿੱਚ - ਮਿਊਨਿਖ ਸੁਰੱਖਿਆ ਕਾਨਫਰੰਸ ਦੇ ਸੰਦਰਭ ਵਿੱਚ ਬੋਲਦੇ ਹੋਏ - ਕਿਹਾ ਕਿ ਭਾਵੇਂ ਵਪਾਰ ਸਮਝੌਤੇ 'ਤੇ ਚਰਚਾ ਚੱਲ ਰਹੀ ਹੈ, ਪਰ ਕੁਝ ਮੁੱਦਿਆਂ 'ਤੇ ਤਰੱਕੀ ਕਰਨਾ ਮੁਸ਼ਕਲ ਹੋ ਗਿਆ ਹੈ। ਉਸਨੇ ਸਪੱਸ਼ਟ ਕੀਤਾ ਕਿ ਗੱਲਬਾਤ ਇੱਕ ਅਜਿਹੇ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ ਦੋਵਾਂ ਧਿਰਾਂ ਲਈ ਹੋਰ ਰਿਆਇਤਾਂ ਦੇਣਾ ਜਾਂ ਪ੍ਰਾਪਤ ਕਰਨਾ ਬਹੁਤ ਚੁਣੌਤੀਪੂਰਨ ਹੈ। ਅੰਤਰਰਾਸ਼ਟਰੀ ਨਿਊਜ਼ ਏਜੰਸੀ, ਰਾਇਟਰਜ਼ ਦੇ ਅਨੁਸਾਰ, ਸੀਤਾਰਮਨ ਨੇ ਭਾਰਤ-ਅਮਰੀਕਾ ਆਰਥਿਕ ਸਬੰਧਾਂ ਵਿੱਚ ਵਪਾਰ ਅਸੰਤੁਲਨ ਨੂੰ ਇੱਕ ਮੁੱਖ ਕਾਰਕ ਵਜੋਂ ਪਛਾਣਿਆ। ਉਸਨੇ ਨੋਟ ਕੀਤਾ ਕਿ ਅਮਰੀਕਾ ਦਾ ਉਦੇਸ਼ ਇਸ ਅਸੰਤੁਲਨ ਨੂੰ ਘਟਾਉਣਾ ਅਤੇ ਸਾਲਾਂ ਤੋਂ ਇਕੱਠੇ ਹੋਏ ਘਾਟੇ ਨੂੰ ਹੱਲ ਕਰਨਾ ਹੈ।

ਦਿੱਲੀ ਅਦਾਲਤ ਦੇ ਵਕੀਲਾਂ ਨੇ ਵਕੀਲ 'ਤੇ ਹਮਲੇ ਨੂੰ ਲੈ ਕੇ ਹੜਤਾਲ ਕੀਤੀ

ਨਵੀਂ ਦਿੱਲੀ: ਦਿੱਲੀ ਦੀਆਂ ਰੋਹਿਣੀ ਅਦਾਲਤਾਂ ਦੇ ਵਕੀਲ ਇੱਕ ਪੁਲਿਸ ਸਟੇਸ਼ਨ 'ਤੇ ਇੱਕ ਵਕੀਲ ਨਾਲ ਹੋਈ ਧੱਕਾ-ਮੁੱਕੀ ਅਤੇ ਸਰੀਰਕ ਹਮਲੇ ਦੇ ਵਿਰੋਧ ਵਿੱਚ ਪੂਰੀ ਹੜਤਾਲ ਕਰ ਰਹੇ ਹਨ, ਜਦੋਂ ਕਿ ਰੋਹਿਣੀ ਕੋਰਟ ਬਾਰ ਐਸੋਸੀਏਸ਼ਨ ਨੇ ਪੁਲਿਸ ਅਧਿਕਾਰੀਆਂ ਨੂੰ ਅਦਾਲਤ ਦੇ ਅਹਾਤੇ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਹੈ। ਇਹ ਵਿਰੋਧ ਪ੍ਰਦਰਸ਼ਨ 29 ਸਤੰਬਰ ਨੂੰ ਮਹਿੰਦਰਾ ਪਾਰਕ ਪੁਲਿਸ ਸਟੇਸ਼ਨ 'ਤੇ ਐਡਵੋਕੇਟ ਕਮਲਦੀਪ 'ਤੇ ਹੋਏ ਕਥਿਤ ਹਮਲੇ ਤੋਂ ਬਾਅਦ ਹੋਇਆ ਹੈ।

ਬਾਰ ਐਸੋਸੀਏਸ਼ਨ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਸ਼ਾਮਲ ਪੁਲਿਸ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ, ਬਾਅਦ ਵਿੱਚ ਵਕੀਲ ਵਿਰੁੱਧ ਕੇਸ ਦਰਜ ਕੀਤਾ ਗਿਆ। ਬਾਰ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਇਹ ਮਾਮਲਾ ਸੰਯੁਕਤ ਪੁਲਿਸ ਕਮਿਸ਼ਨਰ, ਉੱਤਰ-ਪੱਛਮੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਡੀਸੀਪੀ) ਅਤੇ ਉੱਤਰ-ਪੱਛਮੀ ਜ਼ਿਲ੍ਹੇ ਦੇ ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕੋਲ ਉਠਾਇਆ ਸੀ, ਇਸ ਤੋਂ ਇਲਾਵਾ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ।



ਨਾਨਾ ਪਾਟੇਕਰ ਦਾ ਦੇਹਾਂਤ

ਪਣਜੀ : ਉੱਘੇ ਅਦਾਕਾਰ ਨਾਨਾ ਪਾਟੇਕਰ (76) ਦਾ ਵੀਰਵਾਰ ਤੜਕੇ ਗੋਆ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਾਟੇਕਰ ਨੇ ਆਪਣੇ ਅਚਾਨਕ ਦੇਹਾਂਤ ਤੋਂ ਮਹਿਜ਼ ਤਿੰਨ ਦਿਨ ਪਹਿਲਾਂ ਪਣਜੀ ਨੇੜੇ ਡੋਨਾ ਪੌਲਾ ਵਿਖੇ 'ਸਮਰਾਟ ਕਲੱਬ ਇੰਟਰਨੈਸ਼ਨਲ' ਦੇ ਇੱਕ ਪ੍ਰੋਗਰਾਮ ਦੌਰਾਨ ਕਿਹਾ ਸੀ, "ਅਸੀਂ ਸਾਰਿਆਂ ਨੇ ਇੱਕ ਦਿਨ ਜਾਣਾ ਹੈ। ਪਤਾ ਨਹੀਂ ਮੈਂ ਕੱਲ੍ਹ ਇੱਥੇ ਰਹਾਂਗਾ ਜਾਂ ਨਹੀਂ । ਇਹ ਸਮਾਂ ਹਰ ਕਿਸੇ ਦੇ ਜੀਵਨ ਵਿੱਚ ਆਉਂਦਾ ਹੈ, ਪਰ ਉਹ ਸਮਾਂ ਆਉਣ ਤੋਂ ਪਹਿਲਾਂ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਕੀ ਮੈਂ ਉਹ ਕਰ ਪਾ ਰਿਹਾ ਹਾਂ, ਜੋ ਮੈਂ ਕਰਨਾ ਚਾਹੁੰਦਾ ਹਾਂ? ਕੀ ਮੈਂ ਕੋਸ਼ਿਸ਼ ਕੀਤੀ ਹੈ।

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ ਨੌਜਵਾਨਾਂ ਦੀ ਆਵਾਜ਼ ਬਣ ਗਈ

ਨਵੀਂ ਦਿੱਲੀ: ਭਾਰਤ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਦੇ ਆਲੇ ਦੁਆਲੇ ਦੇ ਵਿਵਾਦ ਕਾਰਨ ਸ਼ੁਰੂ ਹੋਇਆ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਨ ਵਾਲਾ ਅੰਦੋਲਨ ਹੁਣ ਦੇਸ਼ ਭਰ ਦੇ ਨੌਜਵਾਨਾਂ ਦੀ ਆਵਾਜ਼ ਬਣ ਗਿਆ ਹੈ।, ਯੁਵਾ ਸੰਗਠਨ, ਕਾਕਰੋਚ ਜਨਤਾ ਪਾਰਟੀ (ਸੀਜੇਪੀ) ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਲਈ ਦਬਾਅ ਪਾਉਣ ਲਈ 10 ਅਕਤੂਬਰ ਨੂੰ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਇਸ ਦੌਰਾਨ, ਵਿਰੋਧੀ ਪਾਰਟੀਆਂ ਨੇ ਚੋਣ ਕਮਿਸ਼ਨ ਵਿਰੁੱਧ ਵਿਰੋਧ ਮਾਰਚ ਅਤੇ 'ਲੋਕਤੰਤਰ ਬਚਾਓ' ਰੈਲੀਆਂ ਦੀਆਂ ਯੋਜਨਾਵਾਂ ਦਾ ਵੀ ਐਲਾਨ ਕੀਤਾ ਹੈ। 10 ਅਕਤੂਬਰ ਤੋਂ ਵੱਡੇ ਪੱਧਰ 'ਤੇ ਜਨਤਕ ਪ੍ਰਦਰਸ਼ਨਾਂ ਦਾ ਐਲਾਨ ਕਰਦੇ ਹੋਏ, ਸੀਜੇਪੀ ਨੇਤਾ ਸੌਰਵ ਦਾਸ ਨੇ ਕਿਹਾ ਕਿ ਨੌਜਵਾਨਾਂ ਦੇ ਅਧਿਕਾਰਾਂ ਅਤੇ ਭਵਿੱਖ ਲਈ ਸੰਘਰਸ਼ ਹਰ ਕੀਮਤ 'ਤੇ ਜਾਰੀ ਰਹੇਗਾ।

DEEP TIRE SERVICE FULL REPAIR

ਕਾਰਾਂ, ਟਰੱਕਾਂ, ਟਰੇਲਰਾਂ ਅਤੇ ਵੈਨਾਂ ਦੇ ਨਵੇਂ ਤੇ ਪੁਰਾਣੇ ਟਾਇਰਾਂ ਦੀ ਬਹੁਤ ਵੱਡੀ ਸਿਲੈਕਸ਼ਨ, ਬਹੁਤ ਸਾਰੇ ਬਰੈਂਡ ਅਤੇ ਹਰ ਸਾਈਜ ਦੇ ਟਾਇਰ ਉਪਲਬਧ ਹਨ।

Deep: 778-861-3643
Kamal:778-325-3641
Office:778-862-3643
Hary:778-926-3643 (Chilliwack)

We Sell & Repair Truck, Trailer, Car & Van Tires

24 Hr. Mobile Service



We do Wheel Allignment for trucks & trailers

2 Loations Serves You
12303-Industrial Rd, Surrey, BC
8509 Aitken Rd, Chilliwack, BC

GOOD DEAL MOTORS
A NAME YOU CAN TRUST

The best cars in town ! Best Price



Pre-Owened Vehicles at Good Prices

ਕਾਰਾਂ ਦੀ ਵੱਡੀ ਸਿਲੈਕਸ਼ਨ

CELL:778-708-3479

Tel:778-668-6000



12697-80 Ave, Surrey, BC V3W 3A6

www.gooddealmotors.ca gooddealmotors2@gmail.com

"For all your insurance needs."

SCOTT ROAD INSURANCE

Scott Road Insurance

Open 7 Days a Week
ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ

ICBC autoplan



- Autoplan/cars Insurance
- Homeowner Insurance
- Rental Homes Insurance
- Trucking & Cargo Insurance
- Fleet & Prorate Insurance
- Travel Insurance
- Medical Insurance
- Business Liability Insurance
- Commercial Insurance
- Construction Insurance
- Strata Property Insurance
- Tenant insurance

INSURANCE	House	Contents	Liability	Premium
	$450,000	$315,000	1 Million	$302 /YR
	$550,000	$385,000	1 Million	$346 /YR
	$650,000	$455,000	1 Million	$407 /YR
	$750,000	$525,000	1 Million	$467 /YR

Discounts may vary due to individual circumstances and policy requirements.Rates subject to change without notice. *Above Rates Includes:* Senior Discount, Claims Free Discount, New Home Discount, Mortgage Free Discount, Home Production Discount

Special Rates For **Super Visa Insurance**
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ ਅਤੇ ਵੀਜ਼ਾ ਨਾ ਮਿਲਣ ਤੇ ਪੈਸੇ ਵਾਪਸ ਕਰਦੇ ਹਾਂ



We Specialize in:
Cargo, Prorate & Fleet Insurance
We help in setting up new trucking companies
ਟੱਰਕਾਂ ਅਤੇ ਟਰੇਲਰਾਂ ਦੇ ਫਾਇਨਾਂਸ ਲਈ ਮਦਦ ਕਰਦੇ ਹਾਂ

7130-120 St. (Satnam Plaza) Surrey, Ph: 604-597-2700, Fax: 604-597-2900, www.scottroadinsurance.com

(ਮੁੱਖ ਪੰਨੇ ਦੀ ਬਾਕੀ)

ਅਪਾਹਜ ਵਿਅਕਤੀਆਂ, ਸਾਬਕਾ ਸੈਨਿਕਾਂ, ਜ਼ਿੰਮੇਵਾਰ ਪਾਲਤੂ ਜਾਨਵਰਾਂ ਦੇ ਮਾਲਕਾਂ, ਅਤੇ ਬੀਸੀ ਐਸਪੀਸੀਏ, ਸਥਾਨਕ ਪਸ਼ੂਆਂ ਦੇ ਡਾਕਟਰਾਂ ਅਤੇ ਜਾਨਵਰਾਂ ਦੀ ਭਲਾਈ ਸੰਸਥਾਵਾਂ ਨਾਲ ਮਜ਼ਬੂਤ ਭਾਈਵਾਲੀ ਦਾ ਸਮਰਥਨ ਕਰੇਗੀ। "ਸਾਡੇ ਪਾਲਤੂ ਜਾਨਵਰ ਸਾਡੇ ਪਰਿਵਾਰਾਂ ਦੇ ਮੈਂਬਰ ਹਨ," ਰੰਧਾਵਾ ਨੇ ਕਿਹਾ। "ਬਹੁਤ ਸਾਰੇ ਬਜ਼ੁਰਗਾਂ, ਅਪਾਹਜ ਵਿਅਕਤੀਆਂ ਅਤੇ ਫੌਜੀ ਸਾਬਕਾ ਸੈਨਿਕਾਂ ਲਈ, ਇੱਕ ਕੁੱਤਾ ਜਾਂ ਬਿੱਲੀ ਅਕਸਰ ਉਨ੍ਹਾਂ ਦਾ ਸਭ ਤੋਂ ਨਜ਼ਦੀਕੀ ਸਾਥੀ ਹੁੰਦਾ ਹੈ, ਬਿਨਾਂ ਸ਼ਰਤ ਪਿਆਰ, ਭਾਵਨਾਤਮਕ ਸਹਾਇਤਾ ਪ੍ਰਦਾਨ ਕਰਦਾ ਹੈ, ਅਤੇ ਇਕੱਲਤਾ ਅਤੇ ਇਕੱਲਤਾ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇੱਕ ਹਮਦਰਦ ਸ਼ਹਿਰ ਨੂੰ ਆਪਣੇ ਲੋਕਾਂ ਅਤੇ ਉਨ੍ਹਾਂ ਜਾਨਵਰਾਂ ਦੋਵਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਜੀਵਨ ਨੂੰ ਅਮੀਰ ਬਣਾਉਂਦੇ ਹਨ।"ਮੇਅਰ ਉਮੀਦਵਾਰ ਵਜੋਂ, ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਬੀਸੀ ਐਸਪੀਸੀਏ, ਸਥਾਨਕ ਪਸ਼ੂਆਂ ਦੇ ਡਾਕਟਰਾਂ, ਜਾਨਵਰਾਂ ਦੇ ਬਚਾਅ ਸੰਗਠਨਾਂ ਅਤੇ ਹੋਰ ਗੈਰ-ਮੁਨਾਫ਼ਾ ਜਾਨਵਰਾਂ ਦੇ ਭਲਾਈ ਸਮੂਹਾਂ ਨਾਲ ਮਿਲ ਕੇ ਕੰਮ ਕਰੇਗਾ ਤਾਂ ਜੋ ਸਰੀ ਦੇ ਵਧ ਰਹੇ ਅਤੇ ਵਿਭਿੰਨ ਭਾਈਚਾਰੇ ਨੂੰ ਦਰਸਾਉਣ ਵਾਲੀਆਂ ਵਿਹਾਰਕ, ਹਮਦਰਦ ਅਤੇ ਵਿੱਤੀ ਤੌਰ 'ਤੇ ਜ਼ਿੰਮੇਵਾਰ ਸ਼ਹਿਰ-ਵਿਆਪੀ ਜਾਨਵਰ ਭਲਾਈ ਨੀਤੀਆਂ ਵਿਕਸਤ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਸਥਾਨਕ ਪਸ਼ੂਆਂ ਦੇ ਡਾਕਟਰਾਂ ਅਤੇ ਚੈਰੀਟੇਬਲ ਭਾਈਵਾਲਾਂ ਨਾਲ ਕੰਮ ਕਰਨਾ ਇੱਕ ਗੈਰ-ਮੁਨਾਫ਼ਾ ਵੈਟਰਨਰੀ ਸਹਾਇਤਾ ਪ੍ਰੋਗਰਾਮ ਦੀ ਪੜਚੋਲ ਕਰਨ ਲਈ ਜੋ ਸਰੀ ਦੇ ਬਜ਼ੁਰਗਾਂ, ਅਪਾਹਜ ਵਿਅਕਤੀਆਂ ਅਤੇ ਫੌਜੀ ਸਾਬਕਾ ਸੈਨਿਕਾਂ ਨੂੰ ਆਪਣੇ ਸਾਥੀ ਜਾਨਵਰਾਂ ਲਈ ਕਿਫਾਇਤੀ ਵੈਟਰਨਰੀ ਦੇਖਭਾਲ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ। ਸਿਟੀ ਕੌਂਸਲ ਨੂੰ ਨਿਰੰਤਰ ਸਲਾਹ ਪ੍ਰਦਾਨ ਕਰਨ ਲਈ ਬੀਸੀ ਐਸਪੀਸੀਏ, ਸਥਾਨਕ ਪਸ਼ੂਆਂ ਦੇ ਡਾਕਟਰਾਂ, ਬਚਾਅ ਸੰਗਠਨਾਂ, ਜਾਨਵਰਾਂ ਦੇ ਭਲਾਈ ਵਕੀਲਾਂ ਅਤੇ ਕਮਿਊਨਿਟੀ ਮੈਂਬਰਾਂ ਦੇ ਪ੍ਰਤੀਨਿਧੀਆਂ ਨਾਲ ਇੱਕ ਸਰੀ ਐਨੀਮਲ ਵੈਲਫੇਅਰ ਸਲਾਹਕਾਰ ਕਮੇਟੀ ਦੀ ਸਥਾਪਨਾ। ਕਮਿਊਨਿਟੀ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਕੇ ਸਰੀ ਦੇ ਜਾਨਵਰਾਂ ਨਾਲ ਸਬੰਧਤ ਉਪ-ਨਿਯਮਾਂ ਦੀ ਸਮੀਖਿਆ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜ਼ਿੰਮੇਵਾਰ ਪਾਲਤੂ ਜਾਨਵਰਾਂ ਦੀ ਮਾਲਕੀ ਨੂੰ ਉਤਸ਼ਾਹਿਤ ਕਰਦੇ ਹਨ, ਜਾਨਵਰਾਂ ਦੀ ਭਲਾਈ ਦੀ ਰੱਖਿਆ ਕਰਦੇ ਹਨ, ਜਨਤਕ ਸੁਰੱਖਿਆ ਨੂੰ ਵਧਾਉਂਦੇ ਹਨ, ਅਤੇ ਆਧੁਨਿਕ ਸਭ ਤੋਂ ਵਧੀਆ ਅਭਿਆਸਾਂ ਨੂੰ ਦਰਸਾਉਂਦੇ ਹਨ।

· ਜ਼ਿੰਮੇਵਾਰ ਪਾਲਤੂ ਜਾਨਵਰਾਂ ਦੀ ਮਾਲਕੀ, ਲਾਇਸੈਂਸਿੰਗ, ਸਪੇਇੰਗ ਅਤੇ ਨਿਊਟਰਿੰਗ, ਗੋਦ ਲੈਣ ਅਤੇ ਜਾਨਵਰਾਂ ਦੇ ਮਨੁੱਖੀ ਇਲਾਜ ਨੂੰ ਉਤਸ਼ਾਹਿਤ ਕਰਨ ਵਾਲੀਆਂ ਜਨਤਕ ਸਿੱਖਿਆ ਪਹਿਲਕਦਮੀਆਂ ਦਾ ਸਮਰਥਨ ਕਰਨਾ।

· ਐਮਰਜੈਂਸੀ ਸਹਾਇਤਾ, ਪਾਲਤੂ ਜਾਨਵਰਾਂ ਨੂੰ ਗੋਦ ਲੈਣ ਅਤੇ ਕਮਿਊਨਿਟੀ ਆਊਟਰੀਚ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਸਥਾਨਕ ਪਸ਼ੂ ਭਲਾਈ ਸੰਗਠਨਾਂ ਨਾਲ ਸਹਿਯੋਗ ਨਾਲ ਕੰਮ ਕਰਨਾ।

"ਸਰਕਾਰ ਸਭ ਤੋਂ ਵਧੀਆ ਕੰਮ ਕਰਦੀ ਹੈ ਜਦੋਂ ਇਹ ਸੁਣਦੀ ਹੈ ਅਤੇ ਸਹਿਯੋਗ ਕਰਦੀ ਹੈ," ਰੰਧਾਵਾ ਨੇ ਕਿਹਾ। "ਇਕੱਲੇ ਰਹਿ ਕੇ ਨੀਤੀ ਬਣਾਉਣ ਦੀ ਬਜਾਏ, ਮੇਰਾ ਪ੍ਰਸ਼ਾਸਨ ਉਨ੍ਹਾਂ ਸੰਗਠਨਾਂ ਨਾਲ ਮਿਲ ਕੇ ਕੰਮ ਕਰੇਗਾ ਜੋ ਜਾਨਵਰਾਂ ਦੀ ਰੱਖਿਆ ਲਈ ਆਪਣਾ ਜੀਵਨ ਸਮਰਪਿਤ ਕਰਦੇ ਹਨ। ਇਕੱਠੇ ਅਸੀਂ ਵਿਹਾਰਕ ਹੱਲ ਵਿਕਸਤ ਕਰ ਸਕਦੇ ਹਾਂ ਜੋ ਹਮਦਰਦ, ਜ਼ਿੰਮੇਵਾਰ ਅਤੇ ਕਿਫਾਇਤੀ ਹਨ।"ਰੰਧਾਵਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਬੇਲੋੜੀ ਨੌਕਰਸ਼ਾਹੀ ਦੀ ਬਜਾਏ ਭਾਈਵਾਲੀ ਬਣਾਉਣ ਲਈ ਤਿਆਰ ਕੀਤੀ ਗਈ ਹੈ।

"ਇਹ ਲੋਕਾਂ ਨੂੰ ਇਕੱਠੇ ਲਿਆਉਣ ਬਾਰੇ ਹੈ - ਸਾਡੇ ਪਸ਼ੂਆਂ ਦੇ ਡਾਕਟਰ, ਗੈਰ-ਮੁਨਾਫ਼ਾ ਸੰਗਠਨ, ਵਲੰਟੀਅਰ ਅਤੇ ਕਮਿਊਨਿਟੀ ਭਾਈਵਾਲ - ਟੈਕਸਦਾਤਾਵਾਂ ਦਾ ਸਤਿਕਾਰ ਕਰਦੇ ਹੋਏ ਨਿਵਾਸੀਆਂ ਅਤੇ ਜਾਨਵਰਾਂ ਦੋਵਾਂ ਲਈ ਬਿਹਤਰ ਨਤੀਜੇ ਪ੍ਰਦਾਨ ਕਰਨ ਲਈ।"

17 ਅਕਤੂਬਰ, 2026 ਨੂੰ, ਮੈਂ ਸਰੀ ਨਿਵਾਸੀਆਂ ਨੂੰ ਸਤਿਕਾਰ ਨਾਲ ਬੇਨਤੀ ਕਰਦਾ ਹਾਂ ਕਿ ਉਹ ਮੇਅਰ ਲਈ ਹੋ ਨਵੀਰ ਸਿੰਘ ਰੰਧਾਵਾ ਅਤੇ ਕੌਂਸਲ ਲਈ ਕੰਜ਼ਰਵੇਟਿਵ ਪਾਰਟੀ ਆਫ਼ ਸਰੀ ਟੀਮ ਨੂੰ ਵੋਟ ਪਾਉਣ। ਇਕੱਠੇ ਮਿਲ ਕੇ, ਅਸੀਂ ਇੱਕ ਸੁਰੱਖਿਅਤ, ਵਧੇਰੇ ਕਿਫਾਇਤੀ, ਵਧੇਰੇ ਹਮਦਰਦ ਸਰੀ ਬਣਾ ਸਕਦੇ ਹਾਂ ਜੋ ਨਿਵਾਸੀਆਂ ਨੂੰ ਪਹਿਲ ਦਿੰਦੀ ਹੈ, ਭਾਈਚਾਰਕ ਸੰਗਠਨਾਂ ਨਾਲ ਸਹਿਯੋਗ ਨਾਲ ਕੰਮ ਕਰਦੀ ਹੈ, ਅਤੇ ਹਰੇਕ ਆਂਢ-ਗੁਆਂਢ ਲਈ ਵਿਹਾਰਕ, ਆਮ ਸਮਝ ਵਾਲੀ ਲੀਡਰਸ਼ਿਪ ਪ੍ਰਦਾਨ ਕਰਦੀ ਹੈ।

J&S CABINET DOORS LTD
phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca



We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca

Ph:604-507-0561

SABLOK & SABLOK
NOTARIES PUBLIC
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼



AKASH SABLOK & TARLOK SABLOK

ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੋਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ, ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ

ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨ ਸਰਵਿਸਿਜ

ਸਬਲੋਕ ਐਂਡ ਸਬਲੋਕ
604-325-9200
6108 Fraser St., (at 45th Ave.)
Vancouver BC V5Ww 3A1
FAX: 604-325-3666

BADH & REJMINIAK LLP
ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice
We provide Legal Services in the following areas:
- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਏਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ



Ph: 604-503-3132
Fax:604-503-3133
Web:www.bnrlaw.ca
Gurpreet Badh, BSc, LLB
Barrister & Solicitor
#2006-7495, 132 St, Surrey, BC V3W 1J8

CONSERVATIVE
PARTY OF SURREY
ELECT
BAJWA RICKY (NAVDEEP)

COUNCILLOR CANDIDATE
604-306-5266
ADVANCE VOTING
7, 10, 14, 15 OCTOBER 2026
VOTE - 17 OCTOBER 2026


ਲੇਡੀਜ ਟੇਲਰਿੰਗ
*Simple Suit $40 *Lehnga $100
*Lining Suit $70 *Zipper $5 Extra
Shirt with Lining $60 Alteration Starts from $10
ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ
ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ
604-799-8160
October end

REVERSE
MORTGAGE FOR SENIORS
RETIRED: GETTING SMALL PENSION
SELF EMPLOYED: BUSINESS SLOW
SPECIAL RATES FOR LIMITED TIME
4.99%* 1 YEAR
5.99%* 3 YEARS
✓ Age 55 Years and above
✓ No Income proof required
✓ Based on equity of your principal house
• We helped a Security Company $560,000
• We helped a builder $900,000
• We helped a Trucker with $960,000

CALL TODAY!
604 507 1000
Our Symbol of Care & Service
SUPERIOR MORTGAGE
The Banking Alternative
www.QUICKAPPROVAL.ca
2025 TOP 75 BROKER

RAJ GILL AMP
604 564 1000
SHARNJIT GILL AMP
604 507 1000
VERICO
CANADA'S TRUSTED MORTGAGE EXPERTS
VANCOUVER
Unit 200-6330 Fraser St
Email: airraj@shaw.ca
604 564 1000
Keep it Safe Superior Mortgage for Future Use
SURREY
Unit 244 8138 128 St, Surrey
Email: sharnjitgill@shaw.ca
604 507 1000
Of Your Family & Friends



CLOVERDALE VILLAGE
DENTAL
Dr. Inderpreet Sandhu
DDS
Services Provided
· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges
Ph:604-579-0102
5635 - 176A Street, Surrey, BC (across the street from Cloverdale Library)
Cloverdalevillagedental@gmail.com



ਮਿਊਂਸੀਪਲ ਚੋਣਾਂ 17 ਅਕਤੂਬਰ ਨੂੰ ਹੋਣਗੀਆਂ।

17 ਅਕਤੂਬਰ ਨੂੰ ਵੋਟ ਪਾਓ ਜਾਂ ਅਗਾਊਂ ਵੋਟ 10, 14 ਜਾਂ 15 ਅਕਤੂਬਰ ਨੂੰ ਪਾ ਸਕਦੇ ਹੋ ।

ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਵੋਟਿੰਗ ਸਥਾਨਾਂ ਦੀ ਜਾਣਕਾਰੀ ਲਈ ਸਿਟੀ ਆਫ਼ ਸਰੀ ਦੀ ਵੈੱਬਸਾਈਟ 'ਤੇ ਜਾਓ ।

ਨੋਟ: ਮਿਊਂਸੀਪਲ ਚੋਣਾਂ ਵਿੱਚ ਵੋਟ ਪਾਉਣ ਲਈ ਤੁਸੀਂ ਕੈਨੇਡਾ ਦੇ ਨਾਗਰਿਕ ਲਾਜ਼ਮੀ ਹੋਣੇ ਚਾਹੀਦੇ ਹੋ। ਝੂਠੀ ਘੋਸ਼ਣਾ ਕਰਨਾ ਜਾਂ ਵੋਟ ਪਾਉਣ ਦਾ ਹੱਕ ਨਾ ਹੋਣ ਦੇ ਬਾਵਜੂਦ ਵੋਟ ਪਾਉਣਾ, ਸਥਾਨਕ ਸਰਕਾਰ ਐਕਟ (Local Government Act) ਅਧੀਨ ਇੱਕ ਅਪਰਾਧ ਹੈ ਅਤੇ ਇਸ ਦੇ ਨਤੀਜੇ ਵਜੋਂ ਜੁਰਮਾਨਾ, ਕੈਦ ਜਾਂ ਦੋਵੇਂ ਹੋ ਸਕਦੇ ਹਨ।

YOUR CITY YOUR VOTE

CITY OF SURREY

surrey.ca/election

ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ



ਸਰੀ,(ਹਰਦਮ ਮਾਨ)– ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਸਰੀ ਦੇ ਸਿਟੀ ਹਾਲ ਆਡੀਟੋਰੀਅਮ ਵਿਚ ਕਰਵਾਈ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 2026 ਦੌਰਾਨ ਸਿੱਖ ਪ੍ਰਵਾਸੀ ਭਾਈਚਾਰੇ ਦੀਆਂ ਚੁਣੌਤੀਆਂ, ਸਿੱਖ ਸੰਸਥਾਵਾਂ ਦੇ ਵਿਕਾਸ, ਉੱਚ ਸਿੱਖਿਆ ਵਿੱਚ ਏ.ਆਈ. ਦੀ ਭੂਮਿਕਾ, ਸਿੱਖ ਇਤਿਹਾਸ ਤੇ ਵਿਰਾਸਤ ਸਮੇਤ ਕਈ ਅਹਿਮ ਵਿਸ਼ਿਆਂ 'ਤੇ ਵਿਦਵਾਨਾਂ, ਖੋਜਕਾਰਾਂ ਅਤੇ ਸਿੱਖਿਆ-ਮਾਹਿਰਾਂ ਨੇ ਵਿਚਾਰ ਸਾਂਝੇ ਕੀਤੇ। ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ ਅਤੇ ਯੂ.ਕੇ. ਤੋਂ ਨਾਮਵਰ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ।ਕਾਨਫਰੰਸ ਦੇ ਪਹਿਲੇ ਦਿਨ ਦਾ ਮੁੱਖ ਭਾਸ਼ਣ ਅਰਥ-ਸ਼ਾਸਤਰੀ, ਸਾਬਕਾ ਆਈ.ਐੱਮ.ਐੱਫ. ਡਿਵੀਜ਼ਨ ਮੁਖੀ, ਨਿਵੇਸ਼ਕ ਅਤੇ ਸਮਾਜ-ਸੇਵੀ ਡਾ. ਮਨਮੋਹਨ ਸਿੰਘ ਕੁਮਾਰ ਨੇ 'ਨਵੀਂ ਦੁਨੀਆਂ ਵਿੱਚ ਸਿੱਖ ਪ੍ਰਵਾਸੀ ਭਾਈਚਾਰਾ: ਚੁਣੌਤੀਆਂ, ਮੌਕੇ ਅਤੇ ਨਵੀਆਂ ਉਚਾਈਆਂ' ਵਿਸ਼ੇ 'ਤੇ ਦਿੱਤਾ। ਡਾ. ਸੰਦੀਪ ਕੌਰ ਗਲੋਵਰ ਨੇ 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਦੇ ਹਵਾਲੇ ਨਾਲ ਸੁਣਨ, ਸਮਝਣ ਅਤੇ ਅਮਲ ਰਾਹੀਂ ਪਰਿਵਰਤਨਕਾਰੀ ਪਿਆਰ ਦੀ ਧਾਰਨਾ ਉਜਾਗਰ ਕੀਤੀ। ਡਾ. ਅੰਜ਼ੁਮ ਦਾਰਾ, ਡਿਪਟੀ ਡਾਇਰੈਕਟਰ, ਡਾਇਰੈਕਟੋਰੇਟ ਜਨਰਲ ਆਫ਼ ਆਰਕੀਓਲੋਜੀ, ਪੰਜਾਬ, ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਪੰਜਾਬ ਦੇ ਖ਼ੁਦਮੁਖਤਿਆਰ ਰਾਜ ਬਾਰੇ ਵਿਚਾਰ ਪੇਸ਼ ਕੀਤੇ। ਡਾ. ਜ਼ੋਰਾ ਸਿੰਘ ਨੇ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ ਉੱਚ ਸਿੱਖਿਆ ਦੇ ਭਵਿੱਖ ਅਤੇ ਡਾ. ਤਰਲੋਚਨ ਸਿੰਘ ਨਾਹਲ ਨੇ ਸਿਕੰਦਰ, ਪੋਰਸ ਤੇ ਹਾਈਡੈਸਪਸ ਦੀ ਲੜਾਈ ਬਾਰੇ ਨਵੇਂ ਇਤਿਹਾਸਕ ਦ੍ਰਿਸ਼ਟੀਕੋਣ ਪੇਸ਼ ਕੀਤੇ। 'ਗੁਰਬਾਣੀ ਅਰਥ ਮਿਲਾਣ' ਖੋਜ ਪ੍ਰੋਜੈਕਟ ਅਤੇ ਵਿਸ਼ਵ ਪੱਧਰੀ ਉੱਚ ਸਿੱਖਿਆ ਵਿੱਚ ਏ.ਆਈ. ਦੀ ਭੂਮਿਕਾ ਬਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਾਰਮਿਕ ਸਿੱਖਿਆ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ, ਡਾ. ਹਰਜਿੰਦਰ ਸਿੰਘ ਸੰਧੂ ਅਤੇ ਮਨਦੀਪ ਸਿੰਘ ਸੱਜਨ ਨੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਨੌਜਵਾਨਾਂ ਨਾਲ ਗੱਲਬਾਤ ਵਿੱਚ ਗੁਰਮੇਹਰ ਸਿੰਘ ਸੰਧੂ ਅਤੇ ਜੈਸਮੀਨ ਰੇਹਲ ਨੇ ਨਵੀਂ ਪੀੜ੍ਹੀ ਦੇ ਦ੍ਰਿਸ਼ਟੀਕੋਣ ਸਾਂਝੇ ਕੀਤੇ।

ਦੂਜੇ ਦਿਨ ਦਾ ਕੇਂਦਰ ਸਿੱਖ ਸੰਸਥਾਵਾਂ ਦੇ ਅਤੀਤ, ਵਰਤਮਾਨ ਅਤੇ ਭਵਿੱਖ 'ਤੇ ਰਿਹਾ। ਡਾ. ਗੁਰਮੇਲ ਸਿੰਘ ਅਤੇ ਸਤਬੀਰ ਸਿੰਘ ਨੇ ਸਿੱਖ ਸੰਸਥਾਵਾਂ ਦੀ ਯਾਤਰਾ ਅਤੇ ਭਵਿੱਖੀ ਦਿਸ਼ਾ ਬਾਰੇ ਵਿਚਾਰ ਰੱਖੇ। 'ਗੁਰੂ ਨਾਨਕ ਇੰਸਟੀਚਿਊਟ' ਤੋਂ 'ਗੁਰੂ ਨਾਨਕ ਯੂਨੀਵਰਸਿਟੀ' ਤੱਕ ਦੇ ਦ੍ਰਿਸ਼ਟੀਕੋਣ ਨੂੰ ਜੀ.ਐੱਨ.ਆਈ. ਦੇ ਪ੍ਰਧਾਨ ਅਤੇ ਸੀ.ਈ.ਓ. ਗਿਆਨ ਸਿੰਘ ਸੰਧੂ ਨੇ ਵਿਸਥਾਰ ਨਾਲ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਇੰਸਟੀਚਿਊਟ ਵੱਲੋਂ ਗਿਆਨ, ਖੋਜ, ਅਕਾਦਮਿਕ ਸੰਵਾਦ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਮੌਜੂਦ ਪਾੜਿਆਂ ਨੂੰ ਪੂਰਾ ਕਰਨ ਲਈ ਲੰਮੇ ਸਮੇਂ ਦੀ ਯੋਜਨਾ ਤਹਿਤ ਕੰਮ ਕੀਤਾ ਜਾ ਰਿਹਾ ਹੈ ਅਤੇ ਅਗਲੇ ਪੰਜ ਸਾਲਾਂ ਦੌਰਾਨ ਸੰਸਥਾ ਨੂੰ ਯੂਨੀਵਰਸਿਟੀ ਦਾ ਰੂਪ ਦੇਣ ਦਾ ਟੀਚਾ ਹੈ।ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਉੱਤਰੀ ਅਮਰੀਕਾ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਖੋਜ ਅਤੇ ਸਕਾਲਰਸ਼ਿਪ ਦੇ ਖੇਤਰ ਵਿੱਚ ਵੱਡੇ ਅਕਾਦਮਿਕ ਪਾੜੇ ਮੌਜੂਦ ਹਨ।

ਸੰਸਥਾ ਦਾ ਉਦੇਸ਼ ਸਿਰਫ਼ ਕੋਰਸ ਕਰਵਾਉਣਾ ਨਹੀਂ, ਸਗੋਂ ਇਤਿਹਾਸਕ ਤੇ ਪੁਰਾਲੇਖੀ ਖੋਜ, ਗਿਆਨ ਦੀ ਸਿਰਜਣਾ ਅਤੇ ਵਿਦਵਾਨਾਂ ਤੇ ਵਿਦਿਆਰਥੀਆਂ ਵਿਚਕਾਰ ਅਕਾਦਮਿਕ ਸੰਵਾਦ ਨੂੰ ਉਤਸ਼ਾਹਿਤ ਕਰਨਾ ਹੈ। ਹੁਣ ਤੱਕ ਲਗਭਗ 1300 ਵਿਦਿਆਰਥੀ ਸੰਸਥਾ ਦੇ ਪ੍ਰੋਗਰਾਮਾਂ ਨਾਲ ਜੁੜ ਚੁੱਕੇ ਹਨ ਅਤੇ 400 ਤੋਂ ਵੱਧ ਵਿਦਿਆਰਥੀ ਪੂਰੀ ਸਕਾਲਰਸ਼ਿਪ 'ਤੇ ਸਿੱਖਿਆ ਹਾਸਲ ਕਰ ਰਹੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਸੰਸਥਾ ਦਾ ਮੁੱਖ ਕੇਂਦਰ ਇਮੀਗ੍ਰੇਸ਼ਨ ਨਹੀਂ, ਸਗੋਂ ਸਿੱਖਿਆ ਅਤੇ ਖੋਜ ਹੈ।ਕਾਨਫਰੰਸ ਦੌਰਾਨ ਸਮਾਜ ਸੇਵਾ, ਮਾਨਵਤਾਵਾਦੀ ਕਾਰਜਾਂ ਅਤੇ ਸਿੱਖ ਪਛਾਣ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਪ੍ਰਮੁੱਖ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਆਪਣੀਆਂ ਸੰਸਥਾਵਾਂ ਦੀ ਅਗਵਾਈ, ਮੌਜੂਦਾ ਗਤੀਵਿਧੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਚਾਨਣਾ ਪਾਇਆ। ਇਸ ਮੌਕੇ 'ਦਿ ਸਿੱਖ ਕੋਲੀਸ਼ਨ' ਵੱਲੋਂ ਹਰਜੋਤ ਸਿੰਘ, 'ਖ਼ਾਲਸਾ ਸੈਂਟਰ, ਸਰੀ' ਤੋਂ ਸੰਦੀਪ ਕੌਰ, 'ਖ਼ਾਲਸਾ ਫਾਊਂਡੇਸ਼ਨ' ਵੱਲੋਂ ਇੰਦਰਪ੍ਰੀਤ ਸਿੰਘ, ਅਤੇ 'ਖ਼ਾਲਸਾ ਕ੍ਰੈਡਿਟ ਯੂਨੀਅਨ' ਦੇ ਹਰਦੀਪ ਸਿੰਘ ਬੈਂਸ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ 'ਗੁਰੂ ਨਾਨਕ ਫ੍ਰੀ ਕਿਚਨ' ਤੋਂ ਬਲਕਰਨ ਸਿੰਘ, 'ਖ਼ਾਲਸਾ ਏਡ ਕੈਨੇਡਾ' ਵੱਲੋਂ ਬਲਜੀਤ ਕੌਰ, 'ਵਰਲਡ ਸਿੱਖ ਆਰਗੇਨਾਈਜ਼ੇਸ਼ਨ' (ਯੂ.ਐੱਸ.) ਵੱਲੋਂ ਉਪਿੰਦਰ ਸਿੰਘ ਢੀਂਡਸਾ, ਅਤੇ 'ਸਿੱਖਰੀ ਦੇ ਭਵਰਾਜ ਸਿੰਘ ਚਟੌਰਾ, 'ਸਿੱਖ ਨੈਸ਼ਨਲ ਆਰਕਾਈਵਜ਼' ਤੋਂ ਰੁਪਿੰਦਰ ਕੌਰ, 'ਸਿੱਖ ਹੈਰੀਟੇਜ ਸੁਸਾਇਟੀ ਬੀ.ਸੀ.' ਤੋਂ ਮੋਹਨਾਮ ਕੌਰ ਸ਼ੇਰਗਿੱਲ ਅਤੇ 'ਅਲਬਰਟਾ ਐਡਵਾਂਸ ਅਕੈਡਮੀ' ਦੇ ਜਗਵਿੰਦਰ ਸਿੰਘ ਸਿੱਧੂ ਨੇ ਆਪਣੀਆਂ ਸੰਸਥਾਵਾਂ ਦੀ ਅਗਵਾਈ ਕਰਦਿਆਂ ਚੱਲ ਰਹੇ ਪ੍ਰੋਜੈਕਟਾਂ ਦਾ ਵੇਰਵਾ ਦਿੱਤਾ।ਗੁਰਦੁਆਰਿਆਂ ਦੀ ਬਦਲਦੀ ਭੂਮਿਕਾ ਬਾਰੇ ਪੈਨਲ ਚਰਚਾ ਵਿੱਚ ਡਾ. ਜਸਵੀਰ ਕੌਰ, ਗਿਆਨੀ ਜਸਬੀਰ ਸਿੰਘ, ਅਵਤਾਰ ਸਿੰਘ ਮੱਲ੍ਹੀ ਅਤੇ ਡਾ. ਸਤਵੀਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦਾ ਮੂਲ ਮੰਤਵ ਗੁਰਬਾਣੀ ਰਾਹੀਂ ਮਨੁੱਖ ਨੂੰ ਰੂਹਾਨੀ ਸੇਧ ਦੇ ਕੇ ਜੀਵਨ ਵਿੱਚ ਤਬਦੀਲੀ ਲਿਆਉਣਾ ਹੈ।

ਉਨ੍ਹਾਂ ਕਿਹਾ ਕਿ ਸਮਾਜਿਕ ਤੇ ਭਾਈਚਾਰਕ ਸਰਗਰਮੀਆਂ ਦੇ ਨਾਲ ਗੁਰਦੁਆਰਿਆਂ ਦੇ ਰੂਹਾਨੀ ਪੱਖ ਨੂੰ ਕੇਂਦਰ ਵਿੱਚ ਰੱਖਣਾ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਰੂਹਾਨੀਅਤ ਤੇ ਭਾਈਚਾਰਕ ਜੀਵਨ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ।ਕਾਨਫਰੰਸ ਦੇ ਅੰਤਿਮ ਪੜਾਅ ਵਿੱਚ 'ਸਰਬੱਤ ਦਾ ਭਲਾ' ਲਈ ਮਿਲ ਕੇ ਕੰਮ ਕਰਨ ਬਾਰੇ ਖੁੱਲ੍ਹੀ ਚਰਚਾ ਹੋਈ। ਸਮਾਪਤੀ ਮੌਕੇ ਡਾ. ਕਮਲਜੀਤ ਕੌਰ ਸਿੱਧੂ, ਉਪ-ਪ੍ਰਧਾਨ (ਅਕਾਦਮਿਕ) ਅਤੇ ਕਾਨਫਰੰਸ ਦੀ ਸਹਿ-ਚੇਅਰਪਰਸਨ ਨੇ ਸਭਨਾਂ ਵਿਦਵਾਨਾਂ, ਖੋਜਕਾਰਾਂ, ਸੰਸਥਾਵਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਦੋਵੇਂ ਦਿਨ ਕਾਨਫਰੰਸ ਦੀ ਸ਼ੁਰੂਆਤ ਗੁਰਮਤ ਸਿੰਘ ਧਾਲੀਵਾਲ ਵੱਲੋਂ ਕੀਤੀ ਅਰਦਾਸ ਨਾਲ ਹੋਈ। ਕਾਨਫਰੰਸ ਦਾ ਸੰਚਾਲਨ ਗੁਰਜੀਤ ਕੌਰ ਬੈਂਸ ਅਤੇ ਅਮਨ ਸਿੰਘ ਹੁੰਦਲ ਨੇ ਬਾਖੂਬੀ ਕੀਤਾ।

ਕਾਨਫਰੰਸ ਵਿਚ ਕੁਝ ਸਥਾਨਕ ਰਾਜਨੀਤਕ ਆਗੂਆਂ, ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ। ਇਹ ਕਾਨਫਰੰਸ ਸਿੱਖਿਆ, ਖੋਜ, ਸੰਸਥਾਗਤ ਸਹਿਯੋਗ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਸਿੱਖੀ ਦੇ ਮੁੱਲਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜਨ ਦੀ ਲੋੜ ਨੂੰ ਉਭਾਰਦਿਆਂ ਸਿੱਖ ਸੰਸਥਾਵਾਂ ਨੂੰ ਮਿਲ ਕੇ ਅੱਗੇ ਵਧਣ ਦਾ ਸੁਨੇਹਾ ਦੇਣ ਨਾਲ ਸਮਾਪਤ ਹੋਈ।

TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ਅਕਾਲੀ ਸਿੰਘ ਸਿੱਖ ਸੋਸਾਇਟੀ

AKALI SINGH SIKH SOCIETY

1890 SKEENA STREET, VANCOUVER, B.C., CANADA, V5M 4L3

www.akalisinghgurdwara.oa | Email - akalisinghsikhsooiety@gmail.oom



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਚੌਥੇ ਪਾਤਿਸ਼ਾਹ ਧੰਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਹਿੱਤ ਅਕਾਲੀ ਬਾਣੀ ਦੇ ਅਖੰਡ ਪਾਠ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਇਸ ਪੂਰਬ ਦੀ ਸਾਰੀ ਸੇਵਾ ਗੁਰੂ ਘਰ ਦੇ ਬਰਦਾਲੂ ਬੀਬੀ ਸੁਖਦਾਜ ਕੌਰ ਸੁਪਤਨੀ ਸਵਰਗਵਾਸੀ ਭਾਈ ਹਰਦੇਵ ਸਿੰਘ ਬਲ ਵਲੋਂ ਆਪਣੇ ਸਪੁੱਤਰ ਕਾਕਾ ਹਰਮਨਦੇਵ ਸਿੰਘ ਬਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਕੀਤੀ ਜਾ ਰਹੀ ਹੈ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ- 09 ਅਕਤੂਬਰ 2026 ਸ਼ੁੱਕਰਵਾਰ ਸਵੇਰ 10 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 11 ਅਕਤੂਬਰ 2026 ਐਤਵਾਰ ਸਵੇਰ 9:30 ਵਜੇ

ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

9 ਅਕਤੂਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
10 ਅਕਤੂਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
10 ਅਕਤੂਬਰ, ਦਿਨ ਸ਼ਨਿੱਚਰਵਾਰ...ਬਾਦ ਦੁਪਹਿਰ 4:30 ਵਜੇ ਸਵ. ਅਜੀਤ ਸਿੰਘ ਲਾਲੀ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
11 ਅਕਤੂਬਰ, ਦਿਨ ਐਤਵਾਰ.....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
11 ਅਕਤੂਬਰ, ਦਿਨ ਐਤਵਾਰ.....ਸਵੇਰ ਨੂੰ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ।
11 ਅਕਤੂਬਰ, ਦਿਨ ਐਤਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਵਿਵੇਕ ਤੇ ਪਰਿਵਾਰ ਅਤੇ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਗੁਰਚਰਨ ਸਿੰਘ ਬਰਾੜ ਅਤੇ ਪਰਿਵਾਰ ਵਲੋਂ ਹੋਵੇਗੀ।
15 ਅਕਤੂਬਰ, ਦਿਨ ਵੀਰਵਾਰ.....ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜੇਗਾ।
16,17,18 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਇਕਬਾਲ ਸਿੰਘ ਖੱਖ ਅਤੇ ਪਰਿਵਾਰ ਵਲੋਂ ਹੋਵੇਗੀ।
17 ਅਕਤੂਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
18 ਅਕਤੂਬਰ, ਦਿਨ ਐਤਵਾਰ.....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
23,24,25 ਅਕਤੂਬਰ ਜਸਵਾਲ ਪਰਿਵਾਰਾਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ।
24 ਅਕਤੂਬਰ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸ਼ਵਿੰਦਰ ਸਿੰਘ ਮੁਕਰ ਅਤੇ ਪਰਿਵਾਰ ਵਲੋਂ ਹੋਵੇਗੀ।
24 ਅਕਤੂਬਰ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਗੁਰਮ ਅਤੇ ਪਰਿਵਾਰ ਵਲੋਂ ਹੋਵੇਗੀ।
25 ਅਕਤੂਬਰ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਦਿਨੇਸ਼ ਸਿੰਘ ਲਖਨਾਊ ਵਾਲੇ, ਭਾਈ ਪ੍ਰਵੀਨ ਸਿੰਘ ਪਾਉਂਟਾ ਸਾਹਿਬ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

ਵਿਆਹ ਸ਼ਾਦੀ ਲਈ ਰਿਸ਼ਤੇ
Matrimonials

ਲੜਕੀ ਦੀ ਲੋੜ

ਅਰੋੜਾ ਸਿੱਖ ਅੰਮ੍ਰਿਤਧਾਰੀ ਲੜਕਾ ਉਮਰ 26 ਸਾਲ, ਕੱਦ 6 ਫੁੱਟ, ਵਿਜ਼ਟਰ ਵੀਜ਼ੇ 'ਤੇ ਅਮਰੀਕਾ ਵਿੱਚ ਰਹਿ ਰਿਹਾ ਹੈ, ਸਰੀ ਬੀਸੀ ਵਿੱਚ ਹਾਈ ਸਕੂਲ ਗ੍ਰੈਜੂਏਸ਼ਨ ਪਾਸ, ਕੈਨੇਡਾ ਦਾ ਵਿਜ਼ਟਰ ਵੀਜ਼ਾ ਹੋਲਡਰ, ਵਾਸਤੇ ਕੈਨੇਡੀਅਨ ਜਾਂ ਅਮਰੀਕਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸਾਰਾ ਪਰਿਵਾਰ ਡੈਲਟਾ, ਬੀਸੀ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ:604-652-3503 (ਵਟਸਐਪ) 18 ਨਵੰਬਰ

BRIDE WANTED

We are a Jat Sikh family looking for a suitable match for our son, a Canadian citizen living in Vancouver. He is divorced, has no children, was born in 1987, stands 6'2" tall, is handsome, does not drink, follows a vegetarian diet, and has a bachelor's degree from India. Our family is well established and financially secure. We are seeking an educated, family-oriented girl with good values. If interested, please contact us on WhatsApp at +91-9915471066 with your recent photos and biodata.

19 Oct

ਲੜਕੇ ਦੀ ਲੋੜ

ਕਨੇਡਾ ਵਿਚ ਨੈਨੀ ਵਰਕ ਪਰਮਿਟ ਤੇ ਰਹਿ ਰਹੀ ਜੱਟ ਸਿੱਖ ਲੜਕੀ 1994 ਬੌਰਨ, ਕੱਦ 5 ਫੁੱਟ 5 ਇੰਚ, ਐਮ ਏ ਪੁਲਿਟੀਕਲ ਸਾਇੰਸ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਸੰਪਰਕ ਕਰੋ:1-236-688-8435 ਜਾਂ 778-829-4847

23 Oct

ਲੜਕੀ ਦੀ ਲੋੜ

ਕਨੇਡਾ ਸਰੀ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਤਲਾਕਸ਼ੁਦਾ (Short Term) ਲੜਕਾ 1998 ਬੌਰਨ, ਕੱਦ 5 ਫੁੱਟ 10 ਇੰਚ, ITI Welder, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ। ਤਲਾਕਸ਼ੁਦਾ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:
+91-9463787966 ਜਾਂ 604-338-9699 30 ਅਕਤੂਬਰ

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਪੜ੍ਹਿਆ ਲਿਖਿਆ ਲੜਕਾ ਉਮਰ 30 ਸਾਲ, ਕੱਦ 5 ਫੁੱਟ 9 ਇੰਚ, ਟਰੱਕ ਡਰਾਈਵਰ ਦੀ ਜੌਬ ਕਰ ਰਿਹਾ, ਪੰਜਾਬ ਵਿਚ ਚੰਗੀ ਜਾਇਦਾਦ ਦਾ ਮਾਲਕ, ਕਨੇਡਾ ਵਿਚ ਆਪਣਾ ਘਰ, ਸਾਰਾ ਪਰਿਵਾਰ ਕਨੇਡਾ ਵਿਚ ਸੈਟਲ ਹੈ, ਵਾਸਤੇ ਯੋਗ ਕਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ ਕਰੋ:604-720- 3981 16ਅਕਤੂਬਰ

ਲੜਕੇ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਹੀ ਜੱਟ ਸਿੱਖ ਲੜਕੀ 1991 ਬੌਰਨ, ਕੱਦ 5 ਫੁੱਟ 4 ਇੰਚ, ਗਰੈਜੂਏਟ, ਜੌਬ ਕਰ ਰਹੀ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਪਰਿਵਾਰ ਦੁਆਬੇ ਨਾਲ ਸਬੰਧਤ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:604-828-2893 16ਅਕਤੂਬਰ

ਜੀਵਨ ਸਾਥਣ ਦੀ ਲੋੜ

ਸੰਘਾ ਪਰਿਵਾਰ ਨਾਲ ਸਬੰਧਤ ਕਨੇਡੀਅਨ ਸਿਟੀਜਨ ਜੱਟ ਸਿੱਖ ਤਲਾਕਸ਼ੁਦਾ, ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਨਸ਼ਾ ਰਹਿਤ, ਆਪਣਾ ਕਾਰੋਬਾਰ ਕਰ ਰਹੇ ਵਾਸਤੇ ਜੀਵਨ ਸਾਥਣ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ ਜਾਂ ਵਿਧਵਾ 50 ਸਾਲ ਤੋਂ ਵੱਧ ਉਮਰ ਵਾਲੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਕਨੇਡਾ/ਇੰਡੀਆ ਤੋਂ ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ:587-718-7234 25 ਦਸੰਬਰ

Punjabi Khatri family seeks a suitable match for their 24-year-old daughter, 5'3", fair, pure vegetarian, B.V.Sc. & A.H., currently pursuing MBA in Healthcare & Hospital Management. BCSE cleared and pursuing the North American veterinary licensing pathway. Belongs to an established business family from Punjab. Contact/ WhatsApp: +91 9855527600 / +1-647-648-1250
Email: vckabrol@gmail.com

25 dec

ਲੜਕੇ ਦੀ ਲੋੜ

ਅਮਰੀਕਨ ਸਿਟੀਜਨ ਸਿਆਟਲ ਵਿਚ ਰਹਿ ਰਹੀ ਜੱਟ ਸਿੱਖ ਲੜਕੀ ਉਮਰ 36 ਸਾਲ (Unmarried), ਕੱਦ 5 ਫੁੱਟ 3 ਇੰਚ, ਮੈਡੀਕਲ ਫੀਲਡ ਵਿਚ ਜੌਬ ਕਰ ਰਹੀ ਵਾਸਤੇ ਪੜ੍ਹੇ ਲਿਖੇ ਜੱਟ ਸਿੱਖ ਲੜਕੇ (Unmarried) ਦੀ ਲੋੜ ਹੈ। ਸਿਆਟਲ ਏਰੀਏ ਨੂੰ ਪਹਿਲ ਜਾਂ ਮੂਵ ਹੋਣ ਲਈ ਚਾਹਵਾਨ ਹੋਵੇ। ਸੰਪਰਕ ਕਰੋ:425-473-0099 6 ਨਵੰਬਰ

Jatt Sikh Punjabi girl born in 1994, Working as a Microbiologist at well known company, a Canadian PR, living in British Columbia (BC), from a respectable family, seeks a suitable groom. Looking for a good-looking clean shaved , well-educated, well-settled/ working boy with good family values and a caring nature. Non-alcoholic preferred. Canadian PR/Citizen preferred; Work Permit holders may also be considered. Truck drivers don't contact Please. Serious inquiries only. WhatsApp: +91 85570-72131 | +1 437-868-2371 23 oct

---

ਜੱਟ ਸਿੱਖ ਪੰਧੇਰ ਪਰਿਵਾਰ ਨੂੰ ਪੱਗੜੀਧਾਰੀ ਨਸ਼ਿਆਂ ਤੋਂ ਰਹਿਤ 29 ਸਾਲਾ ਕੱਦ 6'-1" ਓਪਨ ਵਰਕ ਪਰਮਿਟ ਤੇ ਪੁੱਤਰ ਲਈ ਪੜ੍ਹੀ ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ICBC ਵਿਚ ਸਰਕਾਰੀ ਜੌਬ ਤੇ ਹੈ। ਮਾਤਾ ਪਿਤਾ ਦੋਵੇਂ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਪੈਨਸ਼ਨ ਲੈ ਰਹੇ ਹਨ। ਕਨੇਡਾ ਦੀ PR ਜਾਂ ਸਿਟੀਜ਼ਨ ਪ੍ਰੀਵਾਰਿਕ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-763-7068 ਜਾਂ ਈ ਮੇਲ ਕਰੋ gillco1977@gmail.com

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਲੜਕਾ ਉਮਰ 30 ਸਾਲ, ਕੱਦ 6 ਫੁੱਟ 2 ਇੰਚ, ਗਰੈਜੂਏਟ ਵਾਸਤੇ ਕਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਪਰਿਵਾਰ ਦੁਆਬੇ ਨਾਲ ਸਬੰਧਤ। ਸੰਪਰਕ ਕਰੋ:1-604-725-0692 9 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬ੍ਰਾਹਮਣ ਵੈਜੀਟੇਰੀਅਨ ਨਸ਼ਾ ਰਹਿਤ ਲੜਕਾ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਗੌਰਮਿੰਟ ਜੌਬ ਅਤੇ ਰਿਐਲਟਰ ਦੀ ਜੌਬ ਕਰ ਰਿਹਾ ਹੈ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਨਸ਼ਾ ਰਹਿਤ ਇੰਡੀਅਨ ਲੜਕੀ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:778-712-1824

9 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਧਾਲੀਵਾਲ ਤਲਾਕਸ਼ੁਦਾ ਲੜਕਾ ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਮਾਲਵੇ ਨਾਲ ਸਬੰਧਤ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਰਲ ਪਰਮਿਟ ਵਾਲੀ ਜਾਂ ਸਟੂਡੈਂਟ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:778-855-5250
WhatsApp +919888180681

23 ਅਕਤੂਬਰ

---

2 ਲੜਕੀਆਂ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਲੜਕਾ ਉਮਰ 33 ਸਾਲ, ਕੱਦ 6 ਫੁੱਟ ਵਾਸਤੇ ਲੜਕੀ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਉਸਦੇ ਇੰਡੀਆ ਰਹਿ ਰਹੇ ਭਰਾ ਉਮਰ 32 ਸਾਲ, ਕੱਦ 6 ਫੁੱਟ 2 ਇੰਚ, ITI Plumber, ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ ਕਰੋ:778-710-0002

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਸੁਹਣਾ ਸੁਨੱਖਾ ਨਸ਼ਾ ਰਹਿਤ ਲੜਕਾ 1994 ਬੌਰਨ, ਕੱਦ 5 ਫੁੱਟ 11 ਇੰਚ, ਵਧੀਆ ਕੰਪਨੀ ਵਿਚ ਇੰਜੀਨੀਅਰ ਦੀ ਜੌਬ ਕਰ ਰਿਹਾ ਵਾਸਤੇ ਬਰਾਬਰ ਦੀ ਯੋਗਤਾ ਰੱਖਦੀ ਕਨੇਡੀਅਨ ਜੰਮਪਲ ਜਾਂ ਛੋਟੀ ਹੁੰਦੀ ਕਨੇਡਾ ਆਈ ਲੜਕੀ ਦੀ ਲੋੜ ਹੈ। ਪਰਿਵਾਰ ਵੈਲ ਸੈਟਲਡ, ਪਿਛਲੇ 40 ਸਾਲ ਤੋਂ ਕਨੇਡਾ ਵਿਚ ਰਹਿ ਰਿਹਾ ਹੈ। ਸੰਪਰਕ ਕਰੋ:236-660-6013

9 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤਲਾਕਸ਼ੁਦਾ ਲੜਕਾ ਉਮਰ 37 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪੰਜਾਬੀ PGDCA, ਆਪਣਾ ਕਾਰੋਬਾਰ, ਆਪਣਾ ਘਰ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਰ ਆਈ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:604-771-1820 ਜਾਂ 604-780-1760

9 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਲੜਕਾ 1998 ਬੌਰਨ, ਕੱਦ 6 ਫੁੱਟ 1 ਇੰਚ, **veterinarian** ਆਪਣਾ ਬਿਜਨਸ ਕਰ ਰਿਹਾ, ਪਰਿਵਾਰ ਬੀ ਸੀ ਵਿਚ ਪੂਰੀ ਤਰ੍ਹਾਂ ਸੈਟਲਡ ਵਾਸਤੇ ਸੁਹਣੀ ਸੁਨੱਖੀ, ਲੰਮੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਲੋੜ ਹੈ। ਆਪਣਾ ਬਾਇਓਡੈਟਾ ਈਮੇਲ ਕਰੋ:
Chkd2027@gmail.com

16 dec

ਲੜਕੀ ਦੀ ਲੋੜ

ਵਾਸ਼ਿੰਗਟਨ ਸਟੇਟ ਵਿਚ ਰਹਿ ਰਿਹਾ ਜੱਟ ਸਿੱਖ ਤੁਰ ਗਰੀਨ ਕਾਰਡ ਹੋਲਡਰ ਲੜਕਾ ਉਮਰ 22 ਸਾਲ, ਕੱਦ 6 ਫੁੱਟ 2 ਇੰਚ, ਪੁਲਿਸ ਅਫਸਰ, ਵਾਸਤੇ ਅਮਰੀਕਾ/ਕਨੇਡਾ ਵਿਚ ਇੰਮੀਗਰਾਂਟ ਜਾਂ ਸਿਟੀਜਨ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ:360-366-6565

9 ਅਕਤੂਬਰ

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਰਾਮਗੜੀਆ ਲੜਕਾ ਉਮਰ 28 ਸਾਲ, ਕੱਦ 6 ਫੁੱਟ 1 ਇੰਚ, ਟਰੱਕ ਡਰਾਈਵਰ ਦੀ ਜੌਬ ਕਰ ਰਿਹਾ, ਆਪਣੇ ਪਰਿਵਾਰ ਨਾਲ ਸਰੀ ਵਿਚ ਰਹਿ ਰਿਹਾ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਲੜਕੇ ਦਾ ਪਰਿਵਾਰ ਕਨੇਡਾ ਵਿਚ ਵੈੱਲ ਸੈਟਲਡ। ਸੰਪਰਕ ਕਰੋ:778-892-0148

9 ਅਕਤੂਬਰ

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200

ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦਾ ਤਲਾਕਸ਼ੁਦਾ ਲੜਕਾ ਉਮਰ 45 ਸਾਲ, ਕੱਦ 5 ਫੁੱਟ 10 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਾਲਾਕਸ਼ੁਦਾ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ:403-540-9615 25 ਦਸੰਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਸਰਦਾਰ ਲੜਕਾ 1995 ਬੌਰਨ, ਕੱਦ 6 ਫੁੱਟ 2 ਇੰਚ, ਗਰੈਜੂਏਟ, ਵਧੀਆ ਜੌਬ ਕਰ ਰਿਹਾ ਹੈ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:778-323-8054 9 ਅਕਤੂਬਰ

Change of Name

I, Ravdeep Singh F/O Tanishmeet Singh, resident of HNO. 731, Dera Baba Jaimal Singh Road, VPO Ghoman, Dist - Gurdaspur, Punjab India, PIN - 143514 and presently residing at (BSMT2)12725 62 Ave, Surrey, BC, Canada, V3X 3M5, do hereby change the name of my son from Tanishmeet Singh to Tanishmeet Singh Ghoman, with immediate effect.

I Hardeep Kaur Sandhu D/O Baldev Singh Vill:Rajoana Khurd, Distt:Ludhiana, Teh:Raikot, Punjab, India Pin Code:141107, presently residing at 8387 Greenhill Place Delta, BC V4C 7B7 do hereby change my name from Hardeep Kaur Sandhu to Hardeep Kaur Grewal with immidiate effect.

I, Gursharanpreet Kaur D/O Gamdur Singh, resident of H.no 248, Duareana Road, Kotkapura, Faridkot, Pin:151204, Punjab, India and presently residing at #26-8338 158 street, Surrey, BC, Canada, V4N0R3, do hereby change my name from Gursharanpreet kaur to Gursharanpreet kaur Atwal, with immediate effect.

I, Shantti Singh S/O Binder Singh, St no.2 Duareana Road near Ramdev Mandir,Gandhi Basti, Kotkapura, Faridkot, Pin:151204, Punjab, India and presently residing at #26-8338 158 street, Surrey, BC, Canada, V4N0R3, do hereby change my name from Shantti Singh to Gurshaan Singh Aulakh, with immediate effect.

ਟਾਊਨ ਹਾਊਸ ਕਿਰਾਏ ਲਈ ਖਾਲੀ

ਸਰੀ ਵਿਚ 112 ਐਵੇਨਿਊ ਅਤੇ King George Blvd ਦੇ ਕਾਰਨਰ ਤੇ 2 ਬੈਡਰੂਮ, 1 ਵਾਸ਼ਰੂਮ, 2 ਅੰਡਰਗਰਾਊਂਡ ਪਾਰਕਿੰਗਜ ਅਤੇ ਸਟੋਰੇਜ, ਸਕਾਈ ਟਰੇਨ, ਸਕੂਲ, ਬੱਸ ਸਟਾਪ, ਸ਼ਾਪਿੰਗ ਮਾਲ ਦੇ ਨੇੜੇ 1 ਅਕਤੂਬਰ ਤੋਂ ਕਿਰਾਏ ਲਈ ਖਾਲੀ ਹੈ। ਕਿਰਾਇਆ $2000+ਹਾਈਡਰੋ
ਸੰਪਰਕ ਕਰੋ:604-999-4097 ਜਾਂ 604-725-0751

ਰਿਸ਼ਤੇ ! ਰਿਸ਼ਤੇ ! ਰਿਸ਼ਤੇ

ਅਮਰੀਕਾ/ਕਨੇਡਾ ਅਤੇ ਇੰਡੀਆ ਤੋਂ ਹਰ ਤਰ੍ਹਾਂ ਦੇ ਬਰਾਬਰ ਦੀ ਯੋਗਤਾ ਵਾਲੇ ਰਿਸ਼ਤੇ ਕਰਾਉਣ ਲਈ ਹੇਠ ਲਿਖੇ ਨੰਬਰ ਤੇ ਕਾਲ ਕਰੋ। ਫੀਸ ਰਿਸ਼ਤਾ ਹੋਣ ਤੋਂ ਬਾਦ ਵਿਚ ਲਈ ਜਾਵੇਗੀ। ਸੰਪਰਕ ਕਰੋ ਸਿਆਟਲ:509-859-1146

ਇੰਡੀਅਨ ਕੁੱਕ ਦੀ ਲੋੜ

ਸਿਆਟਲ ਵਿਚ ਜੇ ਕੇ ਟਾਇਰ (Cascade Truck & RV Wash) ਵਾਲਿਆਂ ਨੂੰ ਫੂਡ ਟਰੱਕ ਤੇ ਕੰਮ ਕਰਨ ਲਈ ਇੰਡੀਅਨ ਕੁੱਕ ਦੀ ਲੋੜ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-206-245-0114

ਕਲਾਸੀਫਾਈਡ CLASSIFIEDS

Workers Wanted

0961857 BC Ltd., 5688-168St Surrey BC V3S 3X4 requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, Call at 604-760-9563, fax resume to 604- 575-7819.

Workers Wanted

Canadian Farms Produce requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, fax resume to 604- 574- 5773. Cont

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਖਰੀਦਣ/ਵੇਚਣ ਲਈ ਸੰਪਰਕ ਕਰੋ

ਨਿਊ ਚੰਡੀਗੜ੍ਹ ਵਿਚ ਪਲਾਟ, ਕੋਠੀ ਖਰੀਦਣ ਜਾਂ ਵੇਚਣ ਲਈ ਮੇਰੇ ਨਾਲ ਸੰਪਰਕ ਕਰੋ:91-82270-01984

APC PEST CONTROL



ਕਾਕਰੋਚ, ਚੂਹੇ, ਚੂਹੀਆਂ, ਕੀੜੀਆਂ, ਪਿੱਸੂ, ਸਿਲਵਰਫਿਸ਼, ਮੱਖੀਆਂ, ਚਿੜੀਆਂ, ਕਬੂਤਰ ਅਤੇ ਕਾਟੋਆਂ ਨੂੰ ਕੰਟਰੋਲ ਕਰਨ ਲਈ (ਘਰ,ਆਫਿਸ,ਰੈਸਟੋਰੈਂਟ ਅਤੇ ਸਟੋਰਾਂ ਲਈ)

ਗੋਲੀ ਅੰਦਰ ਚੂਹਾ ਜਲੰਧਰ

ਦੇਵਿੰਦਰ ਨਾਲ ਸੰਪਰਕ ਕਰੋ

Call: 604-999-7378 (PEST)

Government Licensed & Insured Environmentally Safe

ਲੇਡੀ ਟੇਲਰ ਤੇ ਵਰਕਰ ਦੀ ਲੋੜ 17 SECTOR

ਸੈਕਟਰ 17 ਸਰੀ ਵਾਲਿਆਂ ਨੂੰ ਤਜਰਬੇਕਾਰ ਲੇਡੀ ਟੇਲਰ ਦੀ ਲੋੜ ਹੈ।ਤਨਖਾਹ ਤਜਰਬੇ ਦੇ ਆਧਾਰ ਤੇ ਵਧੀਆ ਦਿੱਤੀ ਜਾਵੇਗੀ।ਕੰਮ ਫੁੱਲ ਟਾਈਮ।ਸੰਪਰਕ ਕਰੋ:

Ph:604.594.1788

ETHNIC FOOD COOK NEEDED

H Anmol Sweets at #108 - 8363-128th St., Surrey BC., V3W4G1 requires a full time permanent **ETHNIC FOOD COOK.**

Duties : Prepare and cook complete meals or individual dishes and foods. Schedule and supervise kitchen helpers. Oversee kitchen operations. Maintain inventory and records of food, supplies and equipment. Clean kitchen and work area..

Requirements : Completion of Secondary School is required. Completion of a three year apprenticeship program for cooks and completion of college or other program in cooking or food safety or several years of commercial cooking experience is required.

Salary : $20.00/hr. based on 40 hours per week.

Qualified applicants are invited to email resume at anmolsweets@job4u.com

Mail or drop-off resumes at above address.

ਲਰਨਿੰਗ ਲਾਇਸੈਂਸ, ਸਿਟੀਜਨਸ਼ਿਪ



- ਕਾਰ, ਟੈਕਸੀ, ਬੱਸ, ਟਰੱਕ ਜਾਂ ਮੋਟਰਸਾਈਕਲ ਦੇ ਲਰਨਿੰਗ ਲਾਇਸੈਂਸ ਦੀ ਤਿਆਰੀ ਕਰਵਾਉਂਦੇ ਹਾਂ
- ਸਿਟੀਜਨਸ਼ਿਪ ਇੰਟਰਵਿਊ ਅਤੇ ਟੈਸਟ ਦੀ ਤਿਆਰੀ
- ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ

ਸੰਪਰਕ ਕਰੋ ਇਕਬਾਲ ਸਿੰਘ ਬਰਾੜ
12306-69A Ave, Surrey

604-596-9600 (ਸੈਲ), 604-591-1239

KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



FREE ESTIMATES

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 22 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**

king73renoltd@gmail.com www.king73reno.com

ਬੇਸਮੈਂਟ ਕਿਰਾਏ ਲਈ

ਸਰੀ ਵਿਚ 142 ਅਤੇ 68 ਐਵੇਨਿਊ ਤੇ ਗਰਾਊਂਡ ਫਲੋਰ ਤੇ 3 ਬੈੱਡਰੂਮ ਦੀ ਬੇਸਮੈਂਟ 1 ਸਤੰਬਰ ਤੋਂ ਕਿਰਾਏ ਲਈ ਖਾਲੀ।ਵਾਜਿਬ ਕਿਰਾਇਆ।ਬੱਸ ਸਟਾਪ, ਸਕੂਲ ਦੇ ਨੇੜੇ।ਸੰਪਰਕ ਕਰੋ:778-889-3261




ਜਾਅਲੀ ਮ੍ਰਿਤਕ ਸਰਟੀਫਿਕੇਟ ਦੇ ਕੇ ਵੋਟਾਂ ਕੈਂਸਲ ਕਰਵਾਈਆਂ

ਨਵੀਂ ਦਿੱਲੀ: ਕਰਨਾਟਕ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਚੱਲ ਰਹੇ ਵੋਟਰਾਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ(ਐਸ.ਆਈ. ਆਰ) ਦੌਰਾਨ ਜਾਅਲੀ ਮੌਤ ਸਰਟੀਫਿਕੇਟਾਂ ਦੀ ਵਰਤੋਂ ਕਰਕੇ ਵੋਟਰ ਸੂਚੀ ਵਿੱਚੋਂ ਨਾਮ ਹਟਾਉਣ ਦੇ ਦੋਸ਼ ਸਾਹਮਣੇ ਆਉਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਜਾਂਚ ਦੇ ਹੁਕਮ ਦਿੱਤੇ ਹਨ।ਕਾਫੀ ਲੋਕਾਂ ਨੇ ਇੱਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਵੋਟਰ ਸੂਚੀ ਵਿੱਚੋਂ ਉਨ੍ਹਾਂ ਦੇ ਨਾਮ ਹਟਾਉਣ ਲਈ ਜਾਅਲੀ ਮੌਤ ਸਰਟੀਫਿਕੇਟਾਂ ਦੀ ਵਰਤੋਂ ਕੀਤੀ ਗਈ ਸੀ। ਇਸ ਤੋਂ ਬਾਅਦ, ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਕੇ. ਆਨੰਦ ਨੇ ਜਾਂਚ ਦਾ ਆਦੇਸ਼ ਦਿੱਤਾ।ਸਰਕਾਰੀ ਸਕੂਲ ਦੀ ਅਧਿਆਪਕਾ ਅੱਲਾਮਾ ਬਾਗਵਾਨ ਉਨਾਲੋਕਾਂ ਵਿੱਚੋਂ ਇੱਕ ਸੀ ਜਦੋਂ ਉਸਨੂੰ ਪਤਾ ਲੱਗਾ ਕਿ ਇੱਕ ਤੀਜੀ ਧਿਰ ਨੇ ਫਾਰਮ 7 ਦੇ ਤਹਿਤ ਇਤਰਾਜ਼ ਦਾਇਰ ਕੀਤਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉਹ ਮਰ ਗਈ ਹੈ।



ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਸਪੈਸ਼ਲ ਚੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
SPECIALISTS IN
Maintain+Repair & New Installation
Reasonable Rates
20Yrs Exprienced
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship


Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੈਂਟਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.


ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

ਕਵਿਤਾਵਾਂ

ਲੋਕ ਕੀ ਕਹਿਣਗੇ ?

ਆਪਣੇ ਕਰਮਾਂ ਨੂੰ ਆਪ ਪਛਾਣ
ਭਵਿੱਖ ਵਿੱਚ ਰੱਬ ਨੂੰ ਮੀਣਾ ਦੇਣਗੇ,
ਆਪਣੇ ਆਪੇ ਨੂੰ ਸੁੱਚਾ ਆਪ ਕਰ
ਨਾ ਸੋਚ ਇਹ ਲੋਕ ਕੀ ਕਹਿਣਗੇ ?
ਕੰਮ ਕੋਈ ਵੱਡਾ ਜਾਂ ਛੋਟਾ ਨਹੀਂ
ਭੁਲੇਖੇ ਦੁਨੀਆਂ ਤੋਂ ਰੋਜ਼ ਪੈਣਗੇ,
ਕਿਰਤ ਦੀ ਕਮਾਈ ਰੱਬ ਨੂੰ ਭਾਈ
ਨਾ ਸੋਚ ਇਹ ਲੋਕ ਕੀ ਕਹਿਣਗੇ ?
ਇਸ ਧਰਤੀ 'ਤੇ ਸਾਰੇ ਜੀਵਾਂ ਨੂੰ
ਮਨ-ਮਰਜ਼ੀ ਦੇ ਜਾਮੇ ਨਾ ਪੈਣਗੇ,
ਜੀਣ ਮਰਨ ਤੇ ਰੱਬ ਦੇ ਹੱਥ ਵਿੱਚ
ਨਾ ਸੋਚ ਇਹ ਲੋਕ ਕੀ ਕਹਿਣਗੇ ?
ਇਹ ਓਹੀ ਨੇ ਜਿਹੜੇ ਡਿੱਗਣ ਤੇ
ਹਾਸੇ ਪਾ-ਪਾ ਗੱਲਾਂ ਵੀ ਕਹਿਣਗੇ,
ਇਹ ਤੇ ਆਪਣੇ ਆਪ ਦੇ ਵੀ ਨਾ
ਨਾ ਸੋਚ ਇਹ ਲੋਕ ਕੀ ਕਹਿਣਗੇ ?
ਮਾਂ-ਬਾਪ ਨੇ ਬੜੇ ਸੁਪਣੇ ਵੇਖੇ ਨੇ
ਕਮਾਈਆਂ ਕਰ-ਕਰ ਸੱਚ ਕਰ,
ਮੱਚਦੇ ਨੇ ਜਿਹੜੇ ਤੇਰੀ ਖੁਸ਼ੀ 'ਤੇ
ਓਹਨਾ ਦਾ ਵੀ ਤੂੰ ਸਤਿਕਾਰ ਕਰ
ਢਿੱਲੋਂ, ਆਪ ਕਰਜ਼ਾਈ ਹੈ ਅੱਜ
ਧੰਨ ਗੁਰੂ ਨਾਨਕ ਜੀ ਮਿਹਰ ਕਰਨ,
ਚੰਗੀ ਮੱਤ ਇਹਨਾਂ ਲੋਕਾਂ ਨੂੰ ਦਵੋ
ਮਾੜੇ ਕਰਮਾਂ ਤੋਂ ਸਾਰੇ ਆਪ ਬਚਨ ॥

ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)

ਵੋਟ ਤੁਹਾਡੀ ਜਿੱਤ ਅਸਾਡੀ ਜਿੱਤਾਂਗੇ ਬਈ ਜਿੱਤਾਂਗੇ

ਵਾਅਦਿਆਂ ਦੇ ਅੰਬਾਰ ਲਗਾ ਕੇ ਚੋਣ ਸਰੀ ਵਿਚ ਜਿੱਤਾਂਗੇ,
ਭਰਮਾਂ ਦੇ ਬਹੁ-ਜਾਲ ਵਿਛਾਕੇ, ਚੋਣ ਸਰੀ ਵਿਚ ਜਿੱਤਾਂਗੇ।
ਸਾਡੀ ਚੋਣ ਮੁਹਿੰਮ ਨੂੰ ਤੱਕ ਕੇ ਅਸ਼ ਅਸ਼ ਕਰਨਾ ਲੋਕਾਂ ਨੇ,
ਹੱਥਾਂ ਉਤੇ ਸਰ੍ਹੋਂ ਜਮਾ ਕੇ, ਚੋਣ ਸਰੀ ਵਿਚ ਜਿੱਤਾਂਗੇ।
ਤੁਸੀਂ ਉਡਾਓ ਰੇਲ ਹਵਾ ਵਿਚ ਚਾਹੇ ਟੈਕਸ ਫ਼ਰੀਜ਼ ਕਰੋ,
ਅਸੀਂ ਤਾਂ ਥਾਂ-ਥਾਂ ਬੋਰਡ ਲਾ ਕੇ, ਚੋਣ ਸਰੀ ਵਿਚ ਜਿੱਤਾਂਗੇ।
ਚੋਣ-ਚੁਆਤੀ, ਸ਼ੋਰ ਸ਼ਰਾਬਾ, ਨੇੜੇ ਫਟਕਣ ਦੇਣੇ ਨਹੀਂ,
ਸ਼ਬਦਾਂ ਦੇ ਹਥਿਆਰ ਚਲਾ ਕੇ, ਚੋਣ ਸਰੀ ਵਿਚ ਜਿੱਤਾਂਗੇ।
ਚਾਰ ਵਰ੍ਹੇ ਹੈ ਕੁਰਸੀ ਭਾਵੇਂ ਪਰ ਹੈ ਸਾਡੀ ਲੰਮੀ ਸੋਚ,
ਦਸ ਸਾਲਾਂ ਦੇ ਨਕਸ਼ ਦਿਖਾ ਕੇ, ਚੋਣ ਸਰੀ ਵਿਚ ਜਿੱਤਾਂਗੇ।
ਵੋਟਰ ਭਾਵੇਂ ਕਿੰਨੇ ਬੋਲਣ, ਕੌੜ-ਕੁਸੈਲੇ ਬੋਲ-ਕਬੋਲ,
ਚਿਹਰੇ ਤੇ ਹਾਸਾ ਚਿਪਕਾ ਕੇ, ਚੋਣ ਸਰੀ ਵਿਚ ਜਿੱਤਾਂਗੇ।



ਭਾਈਚਾਰਾ ਆਪਣੀ ਥਾਂ ਤੇ, ਇਹ ਤਾਂ ਚੋਣ-ਅਖਾੜਾ ਹੈ,
ਇਕ ਦੂਜੇ ਨੂੰ ਠਿੱਬੀ ਲਾਕੇ, ਚੋਣ ਸਰੀ ਵਿਚ ਜਿੱਤਾਂਗੇ।
ਤਰਲੇ ਮਿੰਨਤਾਂ, ਪੈਰੀਂ ਪੈਣਾ ਚਾਰ ਦਿਨਾਂ ਦੀ ਖੇਡ ਹੈ, 'ਮਾਨ'
ਇਹ ਵੀ ਰਸਮੀ ਰੋਲ ਨਿਭਾਕੇ, ਚੋਣ ਸਰੀ ਵਿਚ ਜਿੱਤਾਂਗੇ।

ਹਰਦਮ ਮਾਨ

ਨਾ ਪਾ ਕਹਾਣੀਆਂ

ਛੱਡ ਦੇ ਪਾਣੀਆਂ, ਕਹਾਣੀਆਂ ਮੇਰੇ ਹਾਣੀਆਂ,
ਗੱਲੀਂ ਬਾਤੀਂ ਹਕੀਕਤਾਂ, ਲੁਕ ਨਹੀਂ ਜਾਣੀਆਂ।
ਤੂੰ ਜੋ ਵਾਰ ਵਾਰ ਮੈਨੂੰ, ਜਤਾ ਰਿਹਾ ਹੈਂ ਅਹਿਸਾਨ,
ਬੰਦ ਕਰ ਮੋਮੋਠਗਣੀਆਂ, ਹੁਣ ਤੂੰ ਮੇਰੇ ਜਾਨੀਆ।
ਤੈਨੂੰ ਵਹਿਮ ਹੈ ਕਿ ਤੇਰੇ ਸਦਕੇ, ਦੁਨੀਆ ਹੈ ਵਸਦੀ,
ਇਹ ਦੁਨੀਆ ਹੈ 'ਤੇ ਤਾਂ ਤੂੰ ਹੈਂ, ਐ ਫੋਕੇ ਦਾਨੀਆ!
ਮੇਰੇ ਵਰਗੇ ਜੇ ਉਠ ਖੜੇ, ਪੜਦਾ ਤੇਰਾ ਪਾੜਨ ਲਈ,
ਤਾਰ ਤਾਰ ਹੋ ਜਾਣਗੀਆਂ, ਤੇਰੀਆਂ ਪਰਦਾ ਦਾਨੀਆਂ।
ਨੈਤਿਕਤਾ ਸਿਖਾਵੇਂ ਫਿਰਦਾ, ਨਿੱਤ ਸਾਰੇ ਲੋਕਾਂ ਨੂੰ,
ਖੋਖਲੇਪਨ ਨਾਲ ਨਹੀਂ, ਰਹਿਣੀਆਂ ਪਰਧਾਨੀਆਂ।
ਤੈਨੂੰ ਸਦਾ ਆਪਣੇ ਘਰ ਦੀ,
ਬਣੀ ਰਹਿੰਦੀ ਹੈ ਚਿੰਤਾ,
ਸਵਾਦ ਆਵੇ ਜੇ ਕਿਸੇ ਦੇ
ਘਰ, ਲਾਵੇਂ ਰੌਸ਼ਨਦਾਨੀਆਂ।
ਤੂੰ ਜੇ ਜਾਗ ਸਕਦਾ ਹੈਂ, ਤਾਂ
ਜਾਗ ਗੁੜੀ ਨੀਂਦ ਚੋਂ,
ਪਛਾਣ ਲੈ ਸਮੇਂ ਦੀਆਂ, ਹੁਣ
ਚਾਲਾਂ ਨਿਰਾਲੀਆਂ।
ਤਾਰੀਖਾਂ ਲਿਖਣਗੇ ਜਦੋਂ, ਸੱਚੇ
ਅਤੇ ਸੁੱਚੇ ਲੋਕ,
ਉਕਰਨਗੀਆਂ ਖ਼ੂਬ ਤੇਰੀਆਂ,
ਕਰਤੂਤਾਂ ਬਹੁ ਕਾਲ਼ੀਆਂ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

ਨੀ ਮਾਂ, ਏਹਨੂੰ ਕਹਿ ਹਾਕਮ ਨੂੰ

ਐ ਭਾਰਤ ਮਾਂ, ਦਰ ਤੇਰੇ ਮੈਂ ਆਇਆ ਸਣ ਪਰਿਵਾਰ
ਅੱਕ ਗਿਆ ਮੈਂ ਕਰ ਕਰ ਤਰਲੇ, ਨਹੀਂ ਸੁਣਦੀ ਸਰਕਾਰ
ਖੇਤ ਮੇਰੇ ਤੋਂ ਖੋਹਣ ਨੂੰ ਫਿਰਦੇ, ਦੋ ਤਿੰਨ ਸ਼ਾਹੂਕਾਰ
ਚੋਰ ਤੇ ਕੁੱਤੀ ਰਲ਼ ਗਏ ਲੱਗਦੇ, ਨਾਲ ਹੀ ਚੌਕੀਦਾਰ
ਓਹ ਭੋਰਾ ਨੀ ਸੁਣਦਾ, ਜਿੰਨੀ ਮਰਜ਼ੀ ਕਰਾਂ ਪੁਕਾਰ
ਨੀ ਮਾਂ ਏਹਨੂੰ ਕਹਿ ਹਾਕਮ ਨੂੰ, ਕੁਝ ਤਾਂ ਕਰੇ ਵਿਚਾਰ,
ਨੀ ਮਾਂ...
ਪਹਿਲਾਂ ਇਸ ਨੇ ਚਾਹਿਆ ਬਈ ਮੈਂ ਡੰਡੇ ਨਾ' ਸਮਝਾਵਾਂ
ਫੇਰ ਸੋਚਿਆ ਕਿਉਂ ਨਾ ਧਰਮਾਂ, ਜਾਤਾਂ ਤਾਈਂ ਲੜਾਵਾਂ
ਵੰਡੀਆਂ ਪਾਉਣ ਦੀ ਕੀਤੀ ਕੋਸ਼ਿਸ਼, ਅੰਦਰ ਸੱਕੇ ਭਰਾਵਾਂ
ਇਸ ਦੇ ਫੋਕੇ ਜੁਮਲਿਆਂ ਨੂੰ ਮੈਂ, ਕਦ ਤਾਈਂ ਪਰਤਿਆਵਾਂ
ਜ਼ੋਰ ਲਗਾਇਆ ਇਸ ਨੇ ਡਾਢਾ, ਕਰ ਕੂੜਾ ਪਰਚਾਰ
ਨੀ ਮਾਂ ਏਹਨੂੰ ਕਹਿ ਹਾਕਮ ਨੂੰ, ਕੁਝ ਤਾਂ ਕਰੇ ਵਿਚਾਰ,
ਨੀ ਮਾਂ...
ਭਾਊਂ, ਗਾਉਂ, ਭੱਈਆ, ਮੀਆਂ, ਲਾਲਾ ਤੇ ਸਰਦਾਰ
ਦੇਖ ਤੇਰੀ ਸਰਦਲ 'ਤੇ ਬੈਠਾ, ਤੇਰਾ ਸਭ ਪਰਿਵਾਰ
ਅੱਲਾ, ਰਾਮ, ਵਾਹਿਗੁਰੂ ਜਪਦੇ, ਏਹੋ ਕਰਨ ਪੁਕਾਰ
ਵੇਚ ਜਾਏ ਨਾ ਦੇਸ਼ ਨੂੰ ਕਿਧਰੇ, ਇਸ ਦਾ ਚੌਕੀਦਾਰ
ਹਾਕਮ ਸਬਰ ਮੇਰਾ ਅਜ਼ਮਾਉਂਦੈ, ਬਦਲ ਬਦਲ ਹਥਿਆਰ
ਨੀ ਮਾਂ ਏਹਨੂੰ ਕਹਿ ਹਾਕਮ ਨੂੰ, ਕੁਝ ਤਾਂ ਕਰੇ ਵਿਚਾਰ,
ਨੀ ਮਾਂ...
ਦਿੱਲੀ ਦੇ ਬੰਨੇ 'ਤੇ ਖੜ੍ਹ ਮੈਂ, ਰਿਹਾ ਆਵਾਜ਼ਾਂ ਮਾਰ
ਤਖ਼ਤੇ ਬੈਠੇ ਹਾਕਮ ਨੂੰ ਕਹਿ, ਹੱਥ ਅਕਲ ਨੂੰ ਮਾਰ
ਮੇਰਾ ਟੁੱਕਰ ਖੋਹਣ ਨੂੰ ਫਿਰਦੀ, ਇਹ ਥਾਵਾਂ ਦੀ ਡਾਰ
ਸਾਂਭ ਨਹੀਂ ਹੋਣੇ, ਇਨ੍ਹਾਂ ਲੋਕਾਂ, ਜੇ ਚੁੱਕੇ ਹਥਿਆਰ
ਖੇਤਾਂ ਦੇ ਪੁੱਤ, ਖੇਤੀ ਦੇ ਲਈ, ਕਰਦੇ ਚੀਖ਼-ਪੁਕਾਰ
ਨੀ ਮਾਂ ਏਹਨੂੰ ਕਹਿ ਹਾਕਮ ਨੂੰ, ਕੁਝ ਤਾਂ ਕਰੇ ਵਿਚਾਰ,
ਨੀ ਮਾਂ...
ਮੈਂ ਮਿੱਟੀ, ਮੈਂ ਮਿੱਟੀ ਦਾ ਪੁੱਤ, ਮਿੱਟੀ ਰਹੀ ਅੰਗਾਰ
ਇਸ ਮਿੱਟੀ ਨੂੰ ਸੋਨਾ ਕਰਨਾ, ਇਹ ਮੇਰਾ ਵਿਉਹਾਰ
ਸੋਚ ਅਣਖ਼ 'ਤੇ ਪਹਿਰਾ ਦੇਣਾ, ਹੈ ਸਾਡਾ ਕਿਰਦਾਰ
ਸੌ ਦਿਨ ਚੋਰ ਦੇ ਮਗਰੋਂ ਹੁੰਦੈ, ਸਾਧ ਦਾ ਵੀ ਇੱਕ ਵਾਰ
ਰੋਕ ਨੀ ਹੋਣੇ ਲੋਕਾਂ 'ਸੰਧੂ' ਲਿਆ ਇਰਾਦਾ ਧਾਰ
ਨੀ ਮਾਂ ਏਹਨੂੰ ਕਹਿ ਹਾਕਮ ਨੂੰ, ਕੁਝ ਤਾਂ ਕਰੇ ਵਿਚਾਰ, ਨੀ ਮਾਂ ਮੈਨੂੰ ਫੇਰ ਨਾ ਆਖੀਂ ਜਦ ਆਈ ਮੇਰੀ ਵਾਰ! ਨੀ ਮਾਂ ਮੈਨੂੰ ਫੇਰ ਨਾ ਆਖੀਂ !!



ਸ.ਹਰਚਰਨ ਸਿੰਘ ਸੰਧੂ
ਪੀ.ਸੀ.ਐਸ (ਰਿਟਾਇਰਡ)

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200



DHALIWAL BANQUET HALL
FISH PAKORA
Chilli Kabab
SAMOSA & TIKKI
ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ
ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ
ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ
ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ 604-598-1165
DHALIWAL BANQUET HALL
TRUSTED QUALITY FOR DECADES
Himalaya Dairy Surrey
604-543-2421
Dhaliwal Banquet Hall
Surrey
604-598-1165
Dhaliwal Sweets
2636 Cedar Park Place
Abbotsford
604.852.2345
Dhaliwal Lounge
York Centre Surrey
604-543-2222
Dhaliwal Sweets
Vancouver
604-325-4911
Dhaliwal Sweets
Surrey
604-596-1312
Dhaliwal Bakery
#104-7790-128 St. Surrey
(Near 78th Ave.)
604-598-8889
www.dhaliwalbanquethall.co

ਸਿਹਤ ਸੰਬੰਧੀ





ਥਾਇਰੌਇਡ ਗ੍ਰੰਥੀ ਦੀਆਂ ਸਮੱਸਿਆਵਾਂ ਅਤੇ ਹੋਮਿਓਪੈਥਿਕ ਇਲਾਜ

ਥਾਇਰੌਇਡ ਗ੍ਰੰਥੀ ਗਰਦਨ ਦੇ ਸਾਹਮਣੇ ਅਤੇ ਬਿਲਕੁਲ ਵਿਚਾਲੇ ਸਥਿਤ ਤਿਤਲੀ ਦੀ ਸ਼ਕਲ ਵਰਗਾ ਅੰਗ ਹੈ। ਇਹ ਗ੍ਰੰਥੀ ਸਰੀਰ ਦੇ ਕਈ ਹੋਰ ਅੰਗਾਂ ਅਤੇ ਸਰੀਰਕ ਕ੍ਰਿਆਵਾਂ ਨਾਲ ਡੂੰਘਾ ਸੰਬੰਧ ਰੱਖਦੀ ਹੈ।

ਜੇ ਗਰਦਨ ਵਿੱਚ ਸਾਹਮਣੇ ਗਿੱਲੜ ਬਣ ਜਾਵੇ ਤਾਂ ਪੀੜਤ ਵਿਅਕਤੀ ਦੀ ਦਿੱਖ ਉੱਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਥਾਇਰੌਇਡ ਦੇ ਹਾਰਮੋਨਾਂ ਨੂੰ ਟੀ3 (ਟ੍ਰਾਈਆਇਡੋਥਰਾਇਨੋਨਿਨ) ਅਤੇ ਟੀ4 (ਥਾਇਰੋਕਸਿਨ) ਆਖਿਆ ਜਾਂਦਾ ਹੈ।

ਇਹ ਹਾਰਮੋਨ ਸਰੀਰ ਦੇ ਸੈੱਲਾਂ ਨੂੰ ਊਰਜਾ ਪ੍ਰਦਾਨ ਕਰਦੇ ਹਨ। ਆਇਓਡੀਨ ਭੋਜਨ ਜਾਂ ਪਾਣੀ ਰਾਹੀਂ ਸਾਡੇ ਸਰੀਰ ਦੇ ਅੰਦਰ ਜਾਂਦੀ ਹੈ।

ਆਇਓਡੀਨ ਤੱਤ ਥਾਇਰੌਇਡ ਦੇ ਵਿਕਾਸ ਅਤੇ ਹਾਰਮੋਨਾਂ ਦੇ ਬਣਨ ਲਈ ਜ਼ਰੂਰੀ ਹਨ।

ਜਦੋਂ ਥਾਇਰੌਇਡ ਗ੍ਰੰਥੀ ਸੁੱਜ ਕੇ ਵਧ ਜਾਂਦੀ ਹੈ ਤਾਂ ਇਸ ਨੂੰ ਗਿੱਲੜ ਕਿਹਾ ਜਾਂਦਾ ਹੈ। ਇਸ ਸੋਜਿਸ਼ ਜਾਂ ਫ਼ੁਲਾਵਟ ਕਰਕੇ ਸਾਹ ਰਗ ਉੱਤੇ ਦਬਾਅ ਪੈਣ ਕਾਰਣ ਖੰਘ ਜਾਂ ਸਾਹ ਵਿੱਚ ਰੁਕਾਵਟ ਅਤੇ ਭੋਜਨ ਨਲੀ ਨੱਪੀ ਜਾਣ ਨਾਲ ਰੋਟੀ ਦੀ ਬੁਰਕੀ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ।

ਕਈ ਕੇਸਾਂ ਵਿੱਚ ਆਵਾਜ਼ ਵੀ ਭਾਰੀ ਹੋ ਜਾਂਦੀ ਹੈ। ਪਹਾੜੀ ਜਾਂ ਨੀਮ-ਪਹਾੜੀ ਖੇਤਰਾਂ ਵਿੱਚ ਢਲਾਣ ਉੱਤੇ ਪਾਣੀ ਵਹਿਣ ਕਾਰਣ ਅਜਿਹੇ ਭੂਗੋਲਿਕ ਖੇਤਰਾਂ ਅੰਦਰ ਆਇਓਡੀਨ ਦੀ ਘਾਟ ਹੋ ਜਾਂਦੀ ਹੈ ਅਤੇ ਅਜਿਹੇ ਖਿੱਤਿਆਂ ਵਿੱਚ ਥਾਇਰੌਇਡ ਸਮੱਸਿਆਵਾਂ ਵਧ ਸਕਦੀਆਂ ਹਨ। ਵੈਸੇ ਅੱਜ-ਕੱਲ ਆਇਓਡੀਨ ਯੁਕਤ ਲੂਣ ਦੀ ਵਰਤੋਂ ਕਾਰਣ ਅਜਿਹੇ ਕੇਸਾਂ ਵਿੱਚ ਕਾਫ਼ੀ ਸੁਧਾਰ ਆਇਆ ਹੈ। ਕਈ ਵਾਰੀ ਅਲ੍ਹੜ ਉਮਰ ਦੀਆਂ ਕੁੜੀਆਂ ਵਿੱਚ ਗਲ਼ੇ ਵਿੱਚੋਂ ਗਿੱਲੜ ਦੀ ਸੋਜ ਪੈਦਾ ਹੋ ਜਾਂਦੀ ਹੈ ਜਿਸ ਨੂੰ "ਪਿਊਬਰਟੀ ਗੌਇਟਰ" ਕਿਹਾ ਜਾਂਦਾ ਹੈ।

ਥਾਇਰੌਇਡ ਗ੍ਰੰਥੀ ਵੱਲੋਂ ਸਹੀ ਮਾਤਰਾ ਵਿੱਚ ਜਦੋਂ ਹਾਰਮੋਨ ਨਾ ਬਣਾਏ ਜਾਣ ਤਾਂ ਥਾਇਰੌਇਡ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਜੋਂ ਹੋਣ ਵਾਲੀ ਬਿਮਾਰੀ ਦੋ ਤਰ੍ਹਾਂ ਦੀ ਹੁੰਦੀ ਹੈ:

1. ਹਾਇਪਰਥਾਇਰੌਇਡਿਜ਼ਮ: ਇਸ ਤੋਂ ਭਾਵ ਹੈ ਕਿ ਕੁਝ ਸਥਿਤੀਆਂ ਕਾਰਣ ਥਾਇਰੌਇਡ ਦੇ ਹਾਰਮੋਨ ਲੋੜ ਨਾਲੋਂ ਵਧੇਰੇ ਮਾਤਰਾ ਵਿੱਚ ਬਣਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਪ੍ਰਗਟ ਹੋਣ ਵਾਲੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:
   1. ਥਕਾਵਟ
   2. ਦਿਲ ਦੀ ਧੜਕਣ ਵਧਣੀ
   3. ਫ਼ਿਕਰਮੰਦੀ ਜਾਂ ਉਦਾਸੀ
   4. ਪੱਠਿਆਂ ਦੀ ਕਮਜ਼ੋਰੀ
   5. ਹੱਥਾਂ ਪੈਰਾਂ ਵਿੱਚ ਕਾਂਬਾ
   6. ਅੱਖਾਂ ਬਾਹਰ ਨੂੰ ਨਿਕਲਣੀਆਂ
   7. ਬਹੁਤ ਜ਼ਿਆਦਾ ਗਰਮੀ ਮਹਿਸੂਸ ਕਰਨੀ
   8. ਭੁੱਖ ਜ਼ਿਆਦਾ ਹੋਣੀ ਜਾਂ ਠੀਕ-ਠਾਕ ਭੋਜਨ ਖਾਣ ਦੇ ਬਾਵਜੂਦ ਸਰੀਰ ਦਾ ਭਾਰ ਨਿਰੰਤਰ ਘਟਣਾ
   9. ਪੈਰਾਂ ਵਿੱਚ ਸੋਜਿਸ਼
   10. ਬੇਚੈਨੀ



ਡਾ. ਸ਼ਵੇਤਾ MBBS, MD & DHMS (ONT.) Abbotsford (604) 304-2236

ਡਾ. ਆਰ.ਐੱਸ. ਸੈਣੀ (ਹੋਮਿਓਪੈਥ) Surrey (604) 502-9579

   11. ਲੋੜ ਨਾਲੋਂ ਜ਼ਿਆਦਾ ਬੋਲਣਾ
   12. ਨਬਜ਼ ਤੇਜ਼ ਹੋਣੀ
   13. ਹੱਥਾਂ ਨੂੰ ਪਸੀਨਾ ਆਉਣਾ
   14. ਨੀਂਦ ਦੀਆਂ ਸਮੱਸਿਆਵਾਂ, ਆਦਿ।

2. ਹਾਇਪੋਥਾਇਰੌਇਡਿਜ਼ਮ: ਥਾਇਰੌਇਡ ਗ੍ਰੰਥੀ ਵੱਲੋਂ ਹਾਰਮੋਨਾਂ ਦੀ ਪੈਦਾਵਾਰ ਘੱਟ ਹੋਣ ਨਾਲ ਹਾਇਪੋਥਾਇਰੌਇਡਿਜ਼ਮ ਦੀ ਸਮੱਸਿਆ ਆਉਂਦੀ ਹੈ। ਇਸ ਦੇ ਹੇਠ ਲਿਖੇ ਲੱਛਣ ਹੁੰਦੇ ਹਨ:
   1. ਵਜ਼ਨ ਵਧ ਜਾਣਾ
   2. ਥਕਾਵਟ
   3. ਸਖ਼ਤ ਅਤੇ ਖ਼ੁਸ਼ਕ ਚਮੜੀ
   4. ਸੋਰਾਇਸਿਸ
   5. ਅੱਖਾਂ ਉੱਪਰ ਮਾਮੂਲੀ ਸੋਜਿਸ਼
   6. ਪਸੀਨਾ ਘੱਟ ਜਾਂ ਬਿਲਕੁਲ ਵੀ ਨਾ ਆਉਣਾ
   7. ਭਰਵੱਟਿਆਂ ਦੇ ਵਾਲ਼ ਝੜਨੇ ਅਤੇ ਸਿਰ ਦੇ ਵਾਲ਼ ਝੜਨੇ
   8. ਆਵਾਜ਼ ਭਾਰੀ ਹੋ ਜਾਣੀ
   9. ਯਾਦਾਸ਼ਤ ਕਮਜ਼ੋਰ ਹੋਣੀ
   10. ਦਿਮਾਗੀ ਪਰੇਸ਼ਾਨੀ
   11. ਸੁਣਨ ਵਿੱਚ ਵਿਘਨ
   12. ਜ਼ਿਆਦਾ ਠੰਢ ਲੱਗਣੀ
   13. ਔਰਤਾਂ ਵਿੱਚ ਮਾਹਵਾਰੀ ਦੇ ਵਿਗਾੜ
   14. ਆਦਮੀਆਂ ਦੇ ਜਣਨ ਅੰਗਾਂ ਸੰਬੰਧੀ ਰੋਗ, ਆਦਿ।

ਹਾਇਪੋਥਾਇਰੌਇਡ ਦੀ ਸਮੱਸਿਆ ਬੱਚਿਆਂ ਵਿੱਚ ਜਮਾਂਦਰੂ ਵੀ ਹੋ ਸਕਦੀ ਹੈ। ਬੱਚਿਆਂ ਦਾ ਬੇਹੱਦ ਸੁਸਤ ਹੋਣਾ, ਐਨਰਜੀ ਦੀ ਘਾਟ ਮਹਿਸੂਸ ਕਰਨਾ, ਕਬਜ਼, ਸਰੀਰ ਦੇ ਵਿਕਾਸ ਵਿੱਚ ਰੁਕਾਵਟ, ਆਦਿ ਬੱਚਿਆਂ ਨੂੰ ਹਾਇਪੋਥਾਇਰੌਇਡਿਜ਼ਮ ਹੋਣ ਦਾ ਸੰਕੇਤ ਹੋ ਸਕਦੇ ਹਨ। ਬੱਚਿਆਂ ਨੂੰ ਅਜਿਹੀਆਂ ਸਮੱਸਿਆਵਾਂ ਮਾਤਾ ਨੂੰ ਗਰਭ ਦੌਰਾਨ ਆਇਓਡੀਨ ਦੀ ਕਮੀ ਕਾਰਣ ਹੋ ਸਕਦੀ ਹੈ।

ਥਾਇਰੌਇਡ ਗ੍ਰੰਥੀ ਵਿੱਚ ਹਾਰਮੋਨਾਂ ਦੇ ਸੜ੍ਹਾਵ ਦਾ ਪੱਧਰ ਜਾਣਨ ਲਈ ਖ਼ੂਨ ਟੈਸਟ ਦੇ ਰਾਹੀਂ ਟੀ.ਐੱਸ.ਐੱਚ. (ਥਾਇਰੌਇਡ ਨੂੰ ਹਰਕਤ ਵਿੱਚ ਲਿਆਉਣ ਵਾਲਾ ਹਾਰਮੋਨ) ਅਤੇ ਟੀ3 ਅਤੇ ਟੀ4 ਦਾ ਪਤਾ ਲਗਾਇਆ ਜਾ ਸਕਦਾ ਹੈ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਥਾਇਰੌਇਡ ਗ੍ਰੰਥੀ ਨਾਲ ਸੰਬੰਧਤ ਰੋਗਾਂ ਦਾ ਇਲਾਜ ਢੁਕਵੀਆਂ ਦਵਾਈਆਂ ਨਾਲ ਬਾਖ਼ੂਬੀ ਕੀਤਾ ਜਾਂਦਾ ਹੈ।

ਪੀੜਤ ਵਿਅਕਤੀ ਦੇ ਸਾਰੇ ਲੱਛਣਾਂ ਨੂੰ ਵਿਸਥਾਰਪੂਰਵਕ ਅਤੇ ਡੂੰਘਾਈ ਵਿੱਚ ਪਰਖਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਕਿ ਹਾਰਮੋਨਾਂ ਦੇ ਵਿੱਚ ਆਏ ਵਿਗਾੜ ਨੂੰ ਦਰੁਸਤ ਕਰਨ ਦੀ ਸਮਰੱਥਾ ਰੱਖਦਿਆਂ ਰੋਗੀ ਨੂੰ ਰੋਗ ਮੁਕਤ ਹੋਣ ਵਿੱਚ ਸਹਾਈ ਹੋ ਸਕਦੀ ਹੈ। ਰੋਗ ਦੇ ਲੱਛਣਾਂ ਦਾ ਪ੍ਰਭਾਵ ਰੋਗੀ ਉੱਪਰ ਵੱਖਰੇ-ਵੱਖਰੇ ਪੱਧਰ 'ਤੇ ਪੈਂਦਾ ਹੈ, ਜਿਵੇਂ ਕਿ ਭਾਵਨਾਤਮਕ, ਦਿਮਾਗੀ ਅਤੇ ਸਰੀਰਕ ਅਤੇ ਢੁਕਵੇਂ ਇਲਾਜ ਲਈ ਇਨ੍ਹਾਂ ਤਿੰਨੇ ਪੱਧਰਾਂ ਨੂੰ ਸਮਝਣਾ ਜ਼ਰੂਰੀ ਹੈ।

ਰੋਗ ਕਾਰਣ ਰੋਗੀ ਵਿੱਚ ਵਿਲੱਖਣ ਤਬਦੀਲੀਆਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਨੂੰ ਪੀੜਤ ਮਨੁੱਖ ਲਈ ਸਹੀ ਦਵਾਈ ਲੱਭਣ ਵਿੱਚ ਸਹਾਈ ਹੁੰਦੀਆਂ ਹਨ।





ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD & PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132 FAX: 604-327-0335



ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ



ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਗਿਆਨੀ ਅਮਰ ਸਿੰਘ ਹੀਰਾ ਜੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਸਵਰਗਵਾਸ ਹੋ ਗਏ ਹਨ। ਉਹਨਾਂ ਦਾ ਅੰਤਿਮ ਸੰਸਕਾਰ ਸ਼ਨਿੱਚਰਵਾਰ 10 ਅਕਤੂਬਰ ਨੂੰ ਬਾਅਦ ਦੁਪਹਿਰ 3 ਵਜੇ Riverside Funeral Home 7410 Hopcott Road Delta BC ਵਿਖੇ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਉਹਨਾਂ ਦੀ ਆਤਮਾ ਦੀ ਸ਼ਾਂਤੀ ਵਾਸਤੇ ਰੱਖੇ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰਾ ਸਾਹਿਬ 7271Gilley Avenue Burnaby ਵਿਖੇ ਬਾਅਦ ਦੁਪਹਿਰ 5 ਵਜੇ ਹੋਵੇਗੀ ।ਅਸੀਂ ਸ੍ਰੀ ਗੁਰੂ ਰਵਿਦਾਸ ਸਭਾ ਦੀ ਪ੍ਰਬੰਧਕ ਕਮੇਟੀ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਨ ਲਈ ਆਪ ਹੇਠਾਂ ਦਿੱਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।ਪਿਆਰਾ ਸਿੰਘ ਹੀਰਾ 604-779-7524, ਮਨਦੀਪ ਸਿੰਘ ਹੀਰ 604-506-3815, ਜਸਪਾਲ ਸਿੰਘ ਹੀਰਾ 604-835-6262
ਪਰਿਵਾਰ ਦਾ ਪਤਾ:7671 ,140A street Surrey BC









ਅਧਿਆਪਕਾ (ਵਿੱਦਿਆਰਥੀ ਨੂੰ), ਨਾਲਾਇਕ ਪੜ੍ਹ ਲੰ, ਕਦੇ ਤੂੰ ਕੋਈ ਆਪਣੀ ਬੁੱਕ ਖੋਲ੍ਹ ਕੇ ਵੀ ਦੇਖੀ ਹੈ ਵਿੱਦਿਆਰਥੀ, ਹਾਂ, ਮੈਡਮ ਰੋਜ਼ ਦੇਖਦਾ ਹਾਂ। ਅਧਿਆਪਕਾ, ਕਿਹੜੀ ਵਿੱਦਿਆਰਥੀ, ਫੇਸਬੁੱਕ।

ਪਤਨੀ, ਸੁਣੋ ਜੀ, ਤੁਹਾਡੇ ਲਈ ਮੈਂ ਕਮੀਜ਼ ਲਿਆਈ ਹਾਂ।

ਪਤੀ, ਵਾਹ! ਕਿੰਨੇ ਦੀ ਲਿਆਈ ਏਂ ਪਤਨੀ, 7500 ਰੁਪਏ ਦੀ ਸਾੜੀ ਨਾਲ ਫ੍ਰੀ ਵਿੱਚ ਮਿਲੀ। ਕਮੀਜ਼ ਮੈਨੂੰ ਬਹੁਤ ਚੰਗੀ ਲੱਗੀ, ਇਸ ਲਈ ਮੈਨੂੰ ਮਜਬੂਰ ਹੋ ਕੇ ਸਾੜੀ ਖਰੀਦਣੀ ਪਈ।

ਪੰਡਤ ਜੀ ਹਵਾਈ ਜਹਾਜ਼ ਵਿੱਚ ਸਫਰ ਕਰ ਰਹੇ ਸਨ!

ਏਅਰਹੋਸਟੈੱਸ (ਪੰਡਤ ਨੂੰ), ਸਰ ਤੁਸੀਂ ਕੀ ਲਵੋਂਗੇ?

ਪੰਡਤ: ਪੂੜੀ, ਸਬਜੀ ਤੇ ਖੀਰ।

ਏਅਰਹੋਸਟੈੱਸ, ਸਰ, ਤੁਸੀਂ ਜਹਾਜ਼ ਵਿੱਚ ਬੈਠੇ ਹੋ, ਜਹਾਜ਼ ਦੇ ਮਾਲਕ ਦੇ ਸ਼ਰਾਧ ਵਿੱਚ ਨਹੀਂ।

ਫਰਿਸ਼ਤੇ ਨੇ ਇਹ ਬਜ਼ੁਰਗ ਨੂੰ ਪੁੱਛਿਆ, "ਤੇਰਾ ਬੁਢਾਪਾ ਆ ਗਿਆ ਹੈ, ਕਰਮ ਦੇ ਹਿਸਾਬ ਨਾਲ ਤੈਨੂੰ ਇਕ ਬੀਮਾਰੀ ਦੇਣੀ ਪਵੇਗੀ ਪਰ ਤੇਰ ਕੁਝ ਚੰਗੇ ਕੰਮਾਂ ਦੀ ਵਜ੍ਹਾ ਨਾਲ ਦੋ 'ਚੋਂ ਇਕ ਬੀਮਾਰੀ ਚੁਣਨ ਦਾ ਮੌਕਾ ਦਿੰਦਾ ਹਾਂ ।

ਜਾਂ ਤਾਂ ਤੇਰੀ ਯਾਦਦਾਸ਼ਤ ਚਲੀ ਜਾਵੇਗੀ ਜਾਂ ਹੱਥ-ਪੈਰ ਕੰਬਣਗੇ, ਬੋਲ ਕੀ ਚਾਹੀਦਾ ਹੈ ?"

ਬਜ਼ੁਰਗ ਨੇ ਇਸ ਦਾ ਜਵਾਬ ਆਪਣੇ ਦੋਸਤਾਂ ਕੋਲੋਂ ਪੁੱਛਣ ਦੀ ਇਜਾਜ਼ਤ ਲਈ ਤਾਂ ਦੋਸਤ ਬੋਲਿਆ, "ਓਏ! ਹੱਥ-ਪੈਰ ਕੰਬਣ ਦੀ ਬੀਮਾਰੀ ਮੰਗੀਂ, ਕਿਉਂਕਿ ਗਿਲਾਸ 'ਚੋਂ ਇਕ-ਅੱਧਾ ਪੈੱਗ ਡੁੱਲ੍ਹ ਵੀ ਜਾਵੇਗਾ ਤਾਂ ਕੋਈ ਗੱਲ ਨਹੀਂ ਪਰ ਜੇਕਰ ਬੋਤਲ ਕਿੱਥੇ ਰੱਖੀ ਹੈ, ਇਹੀ ਭੁੱਲ ਜਾਵੇਗਾ ਤਾਂ ਸਾਡੇ ਲਈ ਮੁਸ਼ਕਿਲ ਹੋ ਜਾਵੇਗੀ।"

ਟੀ. ਵੀ. 'ਤੇ ਫੁੱਟਬਾਲ ਦਾ ਮੈਚ ਚੱਲ ਰਿਹਾ ਸੀ ਕਿ ਪੱਪੂ ਆਪਣੇ ਦੋਸਤ ਨੂੰ ਬੋਲਿਆ, "ਯਾਰ ! ਇੰਨੇ ਸਾਰੇ ਲੋਕ 'ਫੁੱਟਬਾਲ' ਨੂੰ ਲੱਤਾਂ ਕਿਉਂ ਮਾਰ ਰਹੇ ਹਨ ?"

ਦੋਸਤ, "ਓਏ ਗਧੇ ! ਗੋਲ ਕਰਨ ਲਈ, ਹੋਰ ਕੀ ?" ਪੱਪੂ, "ਪਰ ਫੁੱਟਬਾਲ ਤਾਂ ਪਹਿਲਾਂ ਤੋਂ ਹੀ ਗੋਲ ਹੈ, ਹੋਰ ਕਿੰਨਾ ਗੋਲ ਕਰਨਗੇ।"

ਟੀਚਰ ਨੇ ਕਲਾਸ 'ਚ ਬੱਚਿਆਂ ਨੂੰ ਸਵਾਲ ਪੁੱਛਿਆ, "ਖਾਲੀ ਸਥਾਨ ਭਰੋ, 900 ਚੂਹੇ ਖਾ ਕੇ ਬਿੱਲੀ ...ਚੱਲੀ ?"

ਪੱਪੂ, "ਮੈਮ ! 900 ਚੂਹੇ ਖਾ ਕੇ ਬਿੱਲੀ 'ਹੌਲੀ-ਹੌਲੀ' ਚੱਲੀ।" ਟੀਚਰ (ਗੁੱਸੇ ਨਾਲ),

"ਨਾਲਾਇਕ ! ਖੜ੍ਹਾ ਹੋ ਜਾ, ਮਜ਼ਾਕ ਕਰਦਾ ਹੈਂ ?"

ਪੱਪੂ, "ਮੈਮ ! ਇਹ ਵੀ ਮੈਂ ਤੁਹਾਡਾ ਦਿਲ ਰੱਖਣ ਲਈ ਕਹਿ ਦਿੱਤਾ ਕਿ 'ਹੌਲੀ- ਹੌਲੀ' ਚੱਲੀ, ਨਹੀਂ ਤਾਂ 900 ਚੂਹੇ ਖਾਣ ਤੋਂ ਬਾਅਦ ਬਿੱਲੀ ਤਾਂ ਕੀ ਬਿੱਲੀ ਦਾ ਪਿਓ ਵੀ ਨਹੀਂ ਚੱਲ ਸਕਦਾ।"

ਪਤਨੀ (ਪਤੀ ਨੂੰ), "ਸੁਣੋ ਜੀ । ਇਹ ਸਰਕਾਰ ਨੇ ਵੋਟਿੰਗ ਲਈ 19 ਸਾਲ ਤੇ 'ਵਿਆਹ ਲਈ 21 ਸਾਲ ਉਮਰ ਕਿਉਂ ਰੱਖੀ ਹੈ ?

ਪਤੀ, "ਕਿਉਂਕਿ ਸਰਕਾਰ ਨੂੰ ਪਤਾ ਹੈ ਕਿ ਦੇਸ਼ ਸੰਭਾਲਣਾ ਆਸਾਨ ਹੈ ਪਰ ਪਤਨੀ ਨੂੰ ਨਹੀਂ।"

ਪਾਗਲਖਾਨੇ 'ਚ ਇਕ ਔਰਤ ਪੱਤਰਕਾਰ ਨੇ ਡਾਕਟਰ ਨੂੰ ਪੁੱਛਿਆ, "ਤੁਸੀਂ ਕਿਵੇਂ ਪਛਾਣਦੇ ਹੋ ਕਿ ਕੌਣ ਮਨੋਰੋਗੀ ਹੈ ਤੇ ਕੌਣ ਨਹੀਂ ?'

ਡਾਕਟਰ, "ਅਸੀਂ ਇਕ ਵਾਸ਼ਿੰਗ ਮਸ਼ੀਨ ਪਾਣੀ ਨਾਲ ਪੂਰੀ ਭਰ ਦਿੰਦੇ ਹਾਂ ਤੇ ਮਰੀਜ਼ ਨੂੰ ਇਕ ਚੱਮਚ, ਇਕ ਗਿਲਾਸ ਤੇ ਇਕ ਬਾਲਟੀ ਦੇ ਕੇ ਕਹਿੰਦੇ ਹਾਂ ਕਿ ਉਹ ਮਸ਼ੀਨ ਨੂੰ ਖਾਲੀ ਕਰੇ।"

ਪੱਤਰਕਾਰ, "ਵਾਹ ! ਬਹੁਤ ਵਧੀਆ,ਯਾਨੀ ਜੋ ਨਾਰਮਲ ਵਿਅਕਤੀ ਹੋਵੇਗਾ, ਉਹ ਬਾਲਟੀ ਦੀ ਵਰਤੋਂ ਕਰਦਾ ਹੋਵੇਗਾ ਕਿਉਂਕਿ ਉਹ ਚੱਮਚ ਤੇ ਗਿਲਾਸ ਨਾਲੋਂ ਵੱਡੀ ਹੁੰਦੀ ਹੈ।"

ਡਾਕਟਰ, "ਜੀ ਨਹੀਂ ! ਨਾਰਮਲ ਵਿਅਕਤੀ ਵਾਸ਼ਿੰਗ ਮਸ਼ੀਨ 'ਚ ਲੱਗੇ 'ਡੇਨ ਸਵਿਚ ਨੂੰ ਘੁਮਾ ਕੇ ਮਸ਼ੀਨ ਨੂੰ ਖਾਲ੍ਹੀ ਕਰਦਾ ਹੈ...। ਮੇਰੇ ਖਿਆਲ ਨਾਲ ਤੁਸੀਂ ਵੀ ਬੈੱਡ ਨੰਬਰ 39 'ਤੇ ਜਾਓ ਤਾਂ ਕਿ ਅਸੀਂ ਤੁਹਾਡੀ ਵੀ ਜਾਂਚ ਕਰ ਸਕੀਏ।"

ਇਕ ਆਦਮੀ ਆਪਣੇ ਦੋਸਤ ਨੂੰ ਬੋਲਿਆ, "ਯਾਰ! ਸਾਡੇ ਸਮਾਜ 'ਚ ਅੱਜ ਵੀ ਬਹੁਤ 'ਭੇਦਭਾਵ' ਹੈ।" ਦੋਸਤ, "ਓਹ ਕਿਵੇਂ ?"

ਆਦਮੀ, "ਹੁਣ ਦੇਖ ਨਾ ਜੇਕਰ ਮਰਦ ਤਾਸ਼ ਖੇਡਣ ਤਾਂ 'ਜੂਆ' ਤੇ ਜੇਕਰ ਔਰਤਾਂ ਖੇਡਣ ਤਾਂ 'ਕਿੱਟੀ ਪਾਰਟੀ'।"

ਵੋਟ ਪਾਉਣ ਗਿਆ ਇਕ ਸ਼ਰਾਬੀ ਵੋਟਿੰਗ ਮਸ਼ੀਨ ਸਾਹਮਣੇ ਕਾਫੀ ਦੇਰ ਤੋਂ ਖੜ੍ਹਾ ਸੋਚ ਰਿਹਾ ਸੀ ਤਾਂ ਪੋਲਿੰਗ ਅਫਸਰ ਨੇ ਪੁੱਛਿਆ, "ਕੀ ਗੱਲ ਹੈ, ਬਟਨ ਕਿਉਂ ਨਹੀਂ ਦਬਾ ਰਿਹਾ, ਕੀ ਮਸ਼ੀਨ 'ਚ ਕੋਈ ਸਮੱਸਿਆ ਹੈ ?"

ਸ਼ਰਾਬੀ ਬੋਲਿਆ, "ਜੀ, ਮਸ਼ੀਨ 'ਚ ਤਾਂ ਕੋਈ ਸਮੱਸਿਆ ਨਹੀਂ, ਦਰਅਸਲ ਕੁੱਲ ਰਾਤ ਦੋ ਬੋਤਲਾਂ ਦੇਣ ਵਾਲੇ ਦਾ 'ਚੋਣ ਨਿਸ਼ਾਨ' ਯਾਦ ਨਹੀਂ ਆ ਰਿਹਾ।"

ਇਕ ਬਾਬਾ ਇਕ ਪਿੰਡ 'ਚ ਲੋਕਾਂ ਨੂੰ ਪ੍ਰਵਚਨ ਦਿੰਦੇ ਹੋਏ ਬੋਲਿਆ, "ਮੌਤ ਇਕ ਅਟੱਲ ਸੱਚਾਈ ਹੈ। ਇਸ ਪਿੰਡ ਦਾ ਹਰ ਇਕ ਮੁਨੱਖ ਕਦੀ ਨਾ ਕਦੀ ਜ਼ਰੂਰ ਮਰੇਗਾ।"

ਬਾਬਾ ਦੇ ਪ੍ਰਵਚਨ ਸੁਣ ਕੇ ਉੱਥੇ ਮੌਜੂਦ ਪਿੰਡ ਦੇ ਸਭ ਸਰੋਤੇ ਰੋਣ ਲੱਗੇ। ਉਨ੍ਹਾਂ ਵਿਚਾਲੇ ਬੈਠਾ ਪੱਪੂ ਉੱਚੀ-ਉੱਚੀ ਹੱਸਣ ਲੱਗ ਪਿਆ। ਬਾਬੇ ਨੇ ਉਸ ਨੂੰ ਪੁੱਛਿਆ, "ਬੇਟਾ! ਹੱਸ ਕਿਉਂ ਰਿਹੈਂ ?"ਪੱਪੂ ਬੋਲਿਆ, "ਕਿਉਂਕਿ ਮੈਂ ਇਸ ਪਿੰਡ ਦਾ ਨਹੀਂ ਹਾਂ।"

ਇਕ ਵਿਅਕਤੀ ਦੀ ਪਤਨੀ ਉਸ ਦੇ ਹਰ ਕੰਮ 'ਚ ਨੁਕਸ ਕੱਢਦੀ ਸੀ। ਜੇ ਉਹ ਆਂਡਾ ਉਬਾਲ ਕੇ ਦਿੰਦਾ ਤਾਂ ਕਹਿੰਦੀ ਕਿ ਇਸ ਨੂੰ ਤਲਣਾ ਸੀ ਅਤੇ ਜੇ ਉਹ ਤਲਦਾ ਤਾਂ ਕਹਿੰਦੀ ਕਿ ਇਸ ਨੂੰ ਅੱਜ ਉਬਾਲਣਾ ਸੀ। ਇਕ ਦਿਨ ਵਿਅਕਤੀ ਨੇ ਸੋਚਿਆ ਕਿ ਅੱਜ ਉਹ ਉਸ ਨੂੰ ਕੋਈ ਨੁਕਸ ਕੱਢਣ ਨਹੀਂ ਦੇਵੇਗਾ ਤਾਂ ਉਸ ਨੇ ਦੋਵੇਂ ਹੀ ਬਣਾ ਦਿੱਤੇ... ਪਹਿਲਾਂ ਤਾਂ ਉਹ ਦੋਵੇਂ ਆਂਡਿਆਂ ਨੂੰ ਧਿਆਨ ਨਾਲ ਦੇਖਦੀ ਰਹੀ ਤੇ ਫਿਰ ਬੋਲੀ, "ਪਤਾ ਨਹੀਂ ਤੈਨੂੰ ਅਕਲ ਕਦੋਂ ਆਵੇਗੀ ਜਿਸ ਆਂਡੇ ਤਲਣਾ ਸੀ ਉਸ ਨੂੰ ਉਬਾਲ ਦਿੱਤਾ ਤੇ ਜਿਸ ਨੂੰ ਉਬਾਲਣਾ ਸੀ ਉਸ ਨੂੰ ਤਲ ਦਿੱਤਾ।"----------

ਇਕ ਨੌਜਵਾਨ ਦਾ ਮਾਡਰਨ ਕੁੜੀ ਨਾਲ ਨਵਾਂ-ਨਵਾਂ ਵਿਆਹ ਹੋਇਆ। ਇਕ ਦਿਨ ਜਦੋਂ ਉਹ ਦਫ਼ਤਰ ਵਿਚ ਸੀ ਤਾਂ ਉਸ ਦੀ ਮਾਂ ਦਾ ਫ਼ੋਨ ਆਇਆ ਤਾਂ ਉਹ ਘਬਰਾਈ ਹੋਈ ਬੋਲੀ, "ਬੇਟਾ ਜਲਦੀ ਘਰ ਆ ਜਾ। ਨੂੰਹ ਨੂੰ ਪੈਰਾਲਾਈਜ਼ ਦਾ ਦੌਰਾ ਪਿਆ ਹੈ।ਉਸ ਦਾ ਮੂੰਹ ਟੇਢਾ, ਅੱਖਾਂ ਉੱਪਰ ਅਤੇ ਗਰਦਨ ਮੁੜੀ ਹੋਈ ਹੈ।" ਬੇਟੇ ਨੇ ਕਿਹਾ, "ਮਾਂ ਤੂੰ ਚਿੰਤਾ ਨਾ ਕਰ, ਉਸ ਨੂੰ ਕੁਝ ਨਹੀਂ ਹੋਇਆ। ਦਰਅਸਲ ਉਹ ਫ਼ੋਨ 'ਤੇ 'ਸੈਲਫ਼ੀ" ਲੈ ਰਹੀ ਹੈ ਅਤੇ ਫੋਟੋ ਮੈਨੂੰ ਭੇਜ ਰਹੀ ਹੈ।"

ਇਕ ਕੰਜੂਸ ਆਦਮੀ ਕਿਸ਼ਤੀ 'ਤੇ ਕਿਤੇ ਜਾ ਰਿਹਾ ਸੀ ਕਿ ਅਚਾਨਕ ਜ਼ੋਰ ਨਾਲ ਹਵਾ ਚੱਲੀ ਤੇ ਉਸ ਦੀ ਕਿਸ਼ਤੀ ਪਲਟ ਗਈ, ਉਸ ਨੂੰ ਤੈਰਨਾ ਨਹੀਂ ਸੀ ਆਉਂਦਾ, ਉਹ ਪ੍ਰਾਰਥਨਾ ਕਰਨ ਲੱਗਾ, "ਹੇ ਰੱਬ ਜੀ ! ਜੇਕਰ ਤੁਸੀਂ ਮੈਨੂੰ ਬਚਾ ਲਓ ਤਾਂ ਮੈਂ ਗਰੀਬਾਂ 'ਚ 21 ਕਿਲੋ ਲੱਡੂ ਵੰਡਾਂਗਾ।" ਫਿਰ ਅਚਾਨਕ ਜ਼ੋਰ ਨਾਲ ਹਵਾ ਚੱਲੀ ਤੇ ਇਕ ਵੱਡੀ ਲਹਿਰ ਉਸ ਦੀ ਕਿਸ਼ਤੀ ਨੂੰ ਕੰਢੇ 'ਤੇ ਲੈ ਆਈ। ਉਹ ਖੜ੍ਹਾ ਹੋਇਆ ਤੇ ਹੱਸਦਾ ਹੋਇਆ ਉੱਪਰ ਵੱਲ ਦੇਖ ਕੇ ਬੋਲਿਆ, "ਹਾ....ਕਿਹੜੇ ਲੱਡੂ .. ?" ਫਿਰ ਜ਼ੋਰ ਨਾਲ ਹਵਾ ਚੱਲੀ ਤੇ ਇਕ ਵੱਡੀ ਲਹਿਰ ਨੇ ਉਸ ਨੂੰ ਵਾਪਸ ਪਾਣੀ 'ਚ ਖਿੱਚ ਲਿਆ ਤਾਂ ਉਹ ਤੁਰੰਤ ਚੀਕ ਕੇ ਬੋਲਿਆ, "ਹੇ ਰੱਬ

ਜੀ, ਮੈਂ ਤਾਂ ਇਹ ਪੁੱਛ ਰਿਹਾ ਸੀ ਕਿ ਕਿਹੜੇ ਲੱਡੂ, ਵੇਸਣ ਦੇ ਜਾਂ ਬੂੰਦੀ ਦੇ?

---

4 ਸ਼ਰਾਬੀ ਇਕ 'ਅਰਥੀ' ਨੂੰ ਚੁੱਕ ਕੇ ਕਬਰਿਸਤਾਨ 'ਚ ਕਬਰਾਂ ਉੱਪਰੋਂ ਲੰਘ ਰਹੇ ਸਨ। ਇਹ ਦੇਖ ਕੇ ਉੱਥੇ ਇਕ ਵਿਅਕਤੀ ਨੇ ਉਨ੍ਹਾਂ ਨੂੰ ਕਿਹਾ, "ਓਏ ! ਕੁਝ ਤਾਂ ਸ਼ਰਮ ਕਰ ਲਓ ਹੇਠਾਂ ਕਬਰਾਂ 'ਚ ਮੁਰਦੇ ਹਨ। ਸ਼ਰਾਬੀ ਨੇ ਕਿਹਾ, "ਤਾਂ ਉੱਪਰ ਕਿਹੜਾ ਅਸੀਂ 'ਵਰਲਡ ਕੱਪ' ਚੁੱਕਿਆ ਹੈ।"

ਪਤੀ ਸ਼ਾਮ ਨੂੰ ਘਰ ਆਇਆ ਤਾਂ ਉਸਦੇ ਹੱਥ 'ਚ ਕੋਈ ਚੀਜ਼ ਸੀ, ਜਿਸ ਨੂੰ ਉਹ ਆਪਣੇ ਪਿੱਛੇ ਲੁਕਾ ਕੇ ਲਿਆਇਆ ਤੇ ਪਤਨੀ ਨੂੰ ਬੋਲਿਆ, "ਜਾਨੂੰ ! ਨਵੇਂ ਸਾਲ 'ਤੇ ਮੈਂ ਤੇਰੇ ਲਈ ਬਿਲਕੁਲ ਨਵਾਂ ਗਿਫ਼ਟ ਲਿਆਇਆ ਹਾਂ, ਜ਼ਰਾ ਅੰਦਾਜ਼ਾ ਲਾ।"

ਪਤਨੀ (ਖੁਸ਼ ਹੋ ਕੇ), "ਹਾਏ ਸੱਚੀਂ! ਕੀ ਲਿਆਏ ਹੋ ਹਾਰ, ਮੁੰਦਰੀ ਜਾਂ ਫਿਰ ਕੋਈ ਹੋਰ ਤੋਹਫ਼ਾ ?"

ਪਤੀ, "ਨਹੀਂ, ਨਵੇਂ ਸਾਲ ਦਾ ਕੈਲੰਡਰ।"

ਐਕਸੀਡੈਂਟ 'ਚ ਬੁਰੀ ਤਰ੍ਹਾਂ ਜ਼ਖ਼ਮੀ ਪਤੀ ਨੂੰ ਪਤਨੀ ਨੇ ਹਸਪਤਾਲ 'ਚ ਭਰਤੀ ਕਰਵਾਇਆ ਤਾਂ ਡਾਕਟਰ ਨੇ ਉਸਦੀ ਜਾਂਚ ਕਰਨ ਤੋਂ ਬਾਅਦ ਕਿਹਾ, "ਦੇਖੋ! ਕੀ ਮਰੀਜ਼ ਦਾ ਮੈਡੀਕਲੇਮ ਵਗੈਰਾ ਹੈ, ਜਿਸ ਨਾਲ ਉਸਦਾ ਚੰਗਾ ਇਲਾਜ ਹੋ ਸਕੇ ਤੇ ਤੁਹਾਨੂੰ ਖਰਚੇ ਦੀ ਚਿੰਤਾ ਨਾ ਰਹੇ ???

ਪਤਨੀ ਡਾਕਟਰ ਨੂੰ ਸਾਈਡ 'ਤੇ ਲਿਜਾ ਕੇ ਹੌਲੀ ਜਿਹੀ ਬੋਲੀ, "ਡਾਕਟਰ ਸਾਬ੍ਹ ! ਇਲਾਜ-ਵਿਲਾਜ, ਮੈਡੀਕਲੇਮ ਇਹ ਸਭ ਛੱਡੋ, ਇਨ੍ਹਾਂ ਦੇ 'ਜੀਵਨ ਬੀਮਾ' ਦੀ 2 ਕਰੋੜ ਦੀ ਪਾਲਿਸੀ ਹੈ, ਤੁਸੀਂ ਬਸ ਉਸ 'ਤੇ ਧਿਆਨ ਦਿਓ।"

Injured in an accident? ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.


ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

TRIAL LAWYERS


MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

ਸਰੀ ਸਿਟੀ ਸੈਂਟਰ ਤੋਂ ਕਨਜ਼ਰਵੇਟਿਵ ਪਾਰਟੀ ਦੇ ਨੌਜਵਾਨ ਉਮੀਦਵਾਰ ZEESHAN WAHLA ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ





ਆਪਣਾ ਕਾਰ ਕੇਅਰ
APNA CAR CARE

Premium Car Detailing in Surrey

Experience Unmatched Quality and Affordable Prices for Exterior and Interior Auto Detailing Services



*Car Wash
*Car Detailing
*Car Polish
*Undercoating & Paint Sealant
*Ceramic Coating
*Clay Bar
*Pet Hair Removal
*Mold Removal

24 ਸਾਲ ਤੋਂ ਵੱਧ ਦਾ ਤਜਰਬਾ
ਪ੍ਰੋਫੈਸ਼ਨਲ ਡੀਟੇਲਿੰਗ ਸਰਵਿਸ
ਵਧੀਆ ਸਰਵਿਸ/ਵਾਜਿਬ ਰੇਟ

Monday - Saturday:
9:00 am - 5:00 pm
Sunday:9:00 am - 4:00 pm

Call:
604-596-4800
#115-12677-80Ave, Surrey, BC

APNA MOTORS .COM

12880 KING GEORGE Blvd, SURREY BC V3T 2S9

2019 Ram 3500 Longhorn
Laramine 6.7 Cummins Diesel AISIN Transmission
$57,888
+495 documentation fee +Government Taxes



Stock ID:573333

2019 Audi Q7 Technik
S-Line quattro Clean Title Local BC Vehicle
$29,888
+495 documentation fee +Government Taxes


Stock ID:028030

2018 Ford F150 Lariat
4WD SuperCrew
No Accident Local Truck
$30,888
+495 documentation fee +Government Taxes


Stock ID:C84100

2019 Ram 1500 LIFTED
4X4 Crew Cab
Clean Title
$30,888
+495 documentation fee +Government Taxes



Pre-Owened Vehicles at Good Prices

Off:604-537-1532

Email:sales@apnamotors.com
Web:www.apnamotors.com

ਪੰਜਾਬ ਗਾਰਡੀਅਨ
www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 33 Issue No. 42 Ending Date:Oct 16, 2026



Top 1% of All Fraser Valley Realtors® 2020
based on FVREB Medallion Statistics

GRAND CENTURIAN PRODUCER

ANKUR KAUSHAL
PERSONAL REAL ESTATE CORPORATION
604-897-0006
Email:ankurkaushalprec@gmail.com

CENTURY 21

SAMEER KAUSHAL
PERSONAL REAL ESTATE CORPORATION, B.Sc., MBA
604-897-9575
E MAIL SAMKAUSHAL@GMAIL COM



6125 132A Ave, Surrey



Stunning 7-Bedroom, 6-Bathroom 3-Level Home with BACK LANE & 2 suites (2+1) and Ample Parking! This impressive 3-level home boasts a bright, open-concept floor plan with soaring ceilings, offering 4,200 sq. ft. of living space on a generous 6,600+ sq. ft. lot. With 8 spacious bedrooms and 6 modern washrooms, there's plenty of room for the whole family. The property also features two mortgage-helper suites (2-bedroom and 1-bedroom), perfect for extended family or rental income. Enjoy parking for up to 10 vehicles — ideal for gatherings or multi-generational living. Nestled on a quiet street beside a peaceful cul-de-sac, this home provides a serene setting while remaining close to everyday conveniences. Walking distance to North Ridge Elementary and Panorama Ridge Secondary. Call now!

#204-7156 121St, Surrey



Welcome to the highly sought-after Glenwood Village, a 55+ gated community. This bright and spacious upper corner unit features a generously sized kitchen and family room, large bedrooms, vaulted ceilings, and two inviting decks to enjoy your morning coffee or evening unwind. The primary bedroom includes a large ensuite with a walk-in shower and a spacious walk-in closet. The home is equipped with hot water heating, a newer washer, and updated flooring. Enjoy secure covered parking with visitor parking conveniently nearby. Owners will give 2 funeral certificates pre paid (transferrable) free of cost to the buyers on successful purchase (Five River Funeral Home) Walking distance to transit, shopping, cinema,the library.Well-managed complex offers RV parking, recreation centre, guest suite.

102-8050-128St, Surrey



Prime high-exposure location in one of Surrey's busiest and most established plazas. This exceptional unit offers 2,547 sq.ft. if versatile commercial space—perfect for medical, professional, or retail use. Medical clinic and pharmacy uses are permitted, providing an excellent opportunity for healthcare professionals or investors. Featuring no tenants above, ensuring privacy and minimal noise, plus rear access for convenience and deliveries. Join a thriving community of successful businesses and take advantage of heavy foot and vehicle traffic. Turn your business vision into reality in this strategic Surrey location with unmatched visibility and accessibility.

7682-196 St, Langley



This stunning, brand-new 5-bedroom, 4-bathroom duplex in the highly desirable Willoughby area offers modern living at its finest. Featuring a spacious, open-concept design, high-end finishes, and large windows that fill the home with natural light, this property is perfect for families or investors alike. Includes a well-appointed kitchen with a spice kitchen that has premium appliances, a cozy great room, and private outdoor spaces. Bonus 2 bedroom 1 bathroom suite with laundry if you are seeking a mortgage helper! The Willoughby location provides easy access to top-rated schools, parks, shopping, and transit, making it an ideal choice for those seeking both convenience and comfort. Don't miss this opportunity to own a luxurious home in the most sought-after neighbourhoods!

9419-173A St, Surrey




